
# ਐਜੂਕੇਸ਼ਨਲ ਕਮੇਟੀ : ਚੀਫ਼ ਖ਼ਾਲਸਾ ਦੀਵਾਨ : ਅੰਮ੍ਰਿਤਸਰ

# ਸਾਲਾਨਾ ਰਿਪੋਰਟ



ਸਰ ਸੁੰਦਰ ਸਿੰਘ ਜੀ ਮਜੀਠੀਆ



ਡਾ: ਭਾਈ ਵੀਰ ਸਿੰਘ ਜੀ

ਜੋ 55ਵੀਂ ਸਰਬ ਹਿੰਦ
ਸਿੱਖ ਐਜੂਕੇਸ਼ਨਲ ਕਾਨਫਰੰਸ
ਗੋਨਿਆਨਾ ਮੰਡੀ ( ਬਠਿੰਡਾ ) ਵਿਖੇ

*20, 21 ਅਤੇ*
*22 ਅਪਰੈਲ, 1985*
ਨੂੰ


*ਹੋਏ ਸਮਾਗਮ ਵਿੱਚ*
*ਪੜੀ ਤੇ ਪੇਸ਼ ਕੀਤੀ*
*ਗਈ।*



ਡਾ: ਭਾਈ ਜੋਧ ਸਿੰਘ ਜੀ



ਸ. ਤਰਲੋਚਨ ਸਿੰਘ ਜੀ



ਸ. ਹਰਬੰਸ ਸਿੰਘ ਜੀ ਅਟਾਰੀ

# ਕਾਨਫਰੰਸਾਂ ਦੇ ਸ਼ਿੰਗਾਰ



ਸੰਤ ਸੰਗਤ ਸਿੰਘ ਜੀ ਕਮਾਲੀਆ




ਸੰਤ ਪੰਡਤ ਨਿਸਚਲ ਸਿੰਘ ਜੀ



ਸੰਤ ਅਤਰ ਸਿੰਘ ਜੀ ਮਸਤੂਆਣਾ



ਸੰਤ ਕਿਸ਼ਨ ਸਿੰਘ ਜੀ




ਭਾਈ ਹੀਰਾ ਸਿੰਘ ਜੀ ਰਾਗੀ



ਮਹੰਤ ਤਖਤ ਸਿੰਘ ਜੀ



ਸੰਤ ਕਰਤਾਰ ਸਿੰਘ ਜੀ ਕਮਾਲੀਆ



ਸੰਤ ਹਰਨਾਮ ਸਿੰਘ ਜੀ [illegible] ਚੂਰ ਸਾਹਿਬ



ਭਾਈ ਸਮੁੰਦ ਸਿੰਘ ਜੀ ਰਾਗੀ

# ਰਿਪੋਰਟ

# ਐਜੂਕੇਸ਼ਨਲ ਕਮੇਟੀ (ਚੀਫ਼ ਖ਼ਾਲਸਾ ਦੀਵਾਨ) ਅੰਮ੍ਰਿਤਸਰ

ਜੋ

## 55ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ

## ਗੋਨਿਆਨਾ ਮੰਡੀ (ਬਠਿੰਡਾ) ਵਿਖੇ

*20, 21 ਅਤੇ 22 ਅਪਰੈਲ, 1985 ਨੂੰ*

ਹੋਏ ਸਮਾਗਮ ਵਿਚ ਪੜ੍ਹੀ ਤੇ ਪੇਸ਼ ਕੀਤੀ ਗਈ।

ਪ੍ਰਕਾਸ਼ਕ : ਭਾਗ ਸਿੰਘ 'ਅਣਖੀ'
ਅਡੀਸ਼ਨਲ ਆਨਰੇਰੀ ਸਕੱਤਰ
ਐਜੂਕੇਸ਼ਨਲ ਕਮੇਟੀ (ਚੀਫ ਖਾਲਸਾ ਦੀਵਾਨ)
ਅੰਮ੍ਰਿਤਸਰ।

# ਐਜੂਕੇਸ਼ਨਲ ਕਾਨਫਰੰਸਾਂ ਦੇ ਕੁਝ ਪ੍ਰਧਾਨ ਤੇ ਹਿਤੈਸ਼ੀ



ਪ੍ਰੋ: ਪੂਰਨ ਸਿੰਘ



ਭਾਈ ਅਰਜਨ ਸਿੰਘ ਬਾਗੜੀਆਂ



ਭਾਈ ਕਾਹਨ ਸਿੰਘ ਨਾਭਾ



ਮਹਾਰਾਜਾ ਯਾਦਵਿੰਦਰ ਸਿੰਘ




ਸ. ਸ਼ਿਵਦੇਵ ਸਿੰਘ



ਮਹਾਰਾਜਾ ਹਰਿੰਦਰ ਸਿੰਘ



ਸ. ਬਘੇਲ ਸਿੰਘ



ਸ. ਬ: ਬਿਸ਼ਨ ਸਿੰਘ ਪ੍ਰਿੰਸੀਪਲ



ਬਾਬਾ ਖੜਕ ਸਿੰਘ

ਛਾਪਕ: ਗੁਰਸੇਵਕ ਪ੍ਰਿੰਟਿੰਗ ਪ੍ਰੈਸ ਜੀ. ਟੀ. ਰੋਡ, ਪੁਤਲੀਘਰ, ਅੰਮ੍ਰਿਤਸਰ ।

# EDUCATIONAL COMMITTEE (C.K.D.) AMRITSAR.

## Income and Expenditure Account for the year ended 31/3/84.

| EXPENDITURE | Rs. P. | INCOME | Rs. P. |
|---|---|---|---|
| To Salary | 31,468.10 | By Sahitya | 1,090.00 |
| To Telephone | 2,258.80 | By interest on Pacca Funds | 33,596.50 |
| To Postage | 929.75 | | |
| To Repairs | 177 51 | By interest onPEPSU Endowments | 18,000 00 |
| To Parchar | 49.80 | | |
| To Stationery | 1,3020.31 | By interest on fixed deposits | 12,787.81 |
| To White-washing | 425.00 | By Profit on sale of Dharam Pothies | 3,040 37 |
| To Grant to Khalsa Advocate | 6,225.00 | By Profit on sale of 'Shahidian' | 10.60 |
| To Ch. Gurdit Singh Sch. | 410·00 | | |
| To Sir Sunder Singh Punjabi Sch. | 5?0.00 | By interest on loan to G.H.K. Public School | 13,485.00 |
| To S. Balwant Singh Sch. | 380.00 | | |
| To S. Gurbux Singh Sch. | 370 00 | | |
| To Rent | 1,200.00 | | |
| To Diamond Jubilee Book | 656 49 | | |
| To Depreciation on furniture | 246.00 | | |
| To Misc. expenses | 588.00 | | |
| To Deduction from interest by Diwan | 4,875,00 | | |
| To Audit Fee | 250.00 | | |
| To Central Contribution | 750.00 | | |
| To Excess of income over expenditure (surplus) | 28,876.52 | | |
| | 82 010.28 | | 82,010.28 |

| | | |
|---|---|---|
| Sd/-Inderjit Singh | Sd/-Din Dyal Singh | Sd/-Bhag Singh 'Ankhi' |
| ACCOUNTANT | UNDER SECRETARY | HON. SECRETARY |

As per our report on Balance Sheet of date.

Sd/-Gurmeet Singh
M.A., LL.B., F.C.A.,
Partner
For Gurmeet Singh & Co.,
Chartered Accountants.

AMRITSAR.
DATE 18/9/84

# EDUCATIONAL COMMITTEE (Cheif Khalsa Diwan) AMRITSAR.

## BALANCE SHEET AS AT 31 MARCH, 1984

| FUNDS & LIABILITIES | AMOUNT Rs. P. | TOTAL Rs. P. |
|---|---|---|
| **Pacca Funds :** | | |
| National Fund | 2,13,000.00 | |
| Reserve Fund | 45,000.00 | |
| Life Fellow Fund | 63,000-00 | |
| Major Vir Singh Fund | 500,00 | |
| Smt. Bhagwan Devi Fund | 400.00 | |
| Smt. Ganga Devi Fund | 400 00 | |
| Ch. Gurdit Singh Fund | 2,700.00 | |
| Sardarni Lila Wati Harnam Singh | 20,000 00 | 3,45,000.00 |
| Patial Endowment Fund | | 1,00,000.00 |
| **Scholarship Funds :** | | |
| S. Gulab Singh Anand | 26,789 00 | |
| Dr. Puran Singh | 4,575.00 | |
| S. Balwant Singh | 2,010 00 | |
| S. Gurbux Singh | 2,000.00 | |
| Mrs. Kailash Puri | 501.00 | |
| S. Harnam Singh Bir | 1,200.00 | |
| Kaka Sanjit Singh | 1,050.00 | |
| Smt. Bhagwant Kaur Kulwant Singh | 800.00 | |
| S. Amar Singh Dua | 450.00 | |
| S. Gurbachan Singh | 600 00 | |
| Sardarni Attar Kaur | 12,000.00 | 51,975.00 |
| Pb. & Sind Bank overdraft | | 2,231.90 |
| Staff Provident Fund | | 9,222.17 |
| G P F Anandpur Sahib School | | 3,224.44 |
| [illegible] Committee | | 45,000.00 |
| **General Fund :** | | |
| As per last Balance Sheet | 2,65,180.77 | |
| Add surplus for the year | 28,8 8 52 | 2,94 059.29 |
| | | 8,50,712.80 |

| ASSETS | AMOUNT Rs. P. | TOTAL Rs. P. |
|---|---|---|
| Furniture & Fixure : As per last | | |
| Balance Sheet | 2,455.00 | |
| Less Depreciation | 246.00 | 2,209.00 |
| Stock of Books for Sale : | | |
| Dharam Pothies | 16,994.43 | |
| Shahidian | 673 20 | 17,667.63 |
| Refundable Scholarships : | | 24,950 00 |
| Loan to G.H.K. Public School | | |
| from : Edu. Committee | 1,19,264.00 | |
| From Reception Committee | 45 000 00 | 1,64,264.00 |
| Investment of Patiala Endowment Fund | | 1,00,000.00 |
| Investment of Pacca Funds | | |
| With Sahaik Trust | | 3,45,00.00 |
| Advances : | | |
| Gursewak Press | | 12,100.00 |
| Investment of Provident Fund : | | |
| F.D.R. S Pritam Singh | 6,000 00 | |
| S.B. A/C. S. Pritam Singh | 448.73 | |
| F.D.R. Smt. Harsharan Kaur | 2,500.00 | |
| S.B.A/C ,, ,, ,, | 273 44 | 9,222.17 |
| Investment of scholarship with Pb. & Sind Bank : | | |
| F.D.R. S. Balwant Singh | 2,000.00 | |
| F.D.R. S. Guroux Singh | 2 000 00 | |
| F.D R. Kaka Sanjit Singh | 1,050 00 | |
| F.D R. Sardarni Attar Kaur | 12,000 00 | |
| F.D.R. Smt. Bhagwant Kaur Kulwant Singh | 700 00 | 17,750.00 |
| F.D. Rs with Pb. & Sind Bank | | 1,56,050.00 |
| Imprest with Under Secretary | | 1,500.00 |
| | | 8,50,712.80 |

Examined & found correct

| | | | |
|---|---|---|---|
| Sd/-Inderjit Singh | Sd/-Din Dyal Singh | Sd/-Bhag Singh 'Ankhi' | Sd/-Gurmeet Singh |
| Accountant | Under Secretary | Hon. Secretary | Chartered Accountant |

Amritsar : Date 18/9/84

੧ ੴ ਸਤਿਗੁਰ ਪ੍ਰਸਾਦਿ ॥

# ਆਰੰਭਕ-ਸ਼ਬਦ

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

( ਸੁਖਮਨੀ ਸਾਹਿਬ )

ਪਰਮ ਸਤਿਕਾਰ ਯੋਗ ਪਰਧਾਨ ਸਾਹਿਬ ਜਨਰਲ ਅਰੋੜਾ ਜੀ, ਕੈਪਟਨ ਅਮਰਿੰਦਰ ਸਿੰਘ ਜੀ, ਸ੍ਰੀਮਾਨ ਸੰਤ ਤੀਰਥ ਸਿੰਘ ਜੀ, ਭੈਣੋਂ ਅਤੇ ਭਰਾਵੋ,

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ ॥

ਇਸ ਤੋਂ ਪਹਿਲਾਂ ਕਿ ਆਪ ਜੀ ਦੀ ਸੇਵਾ ਵਿਚ ਮੈਂ ਬਤੌਰ ਅਡੀਸ਼ਨਲ ਆਨਰੇਰੀ ਸਕੱਤਰ, ਐਜੂਕੇਸ਼ਨਲ ਕਮੇਟੀ, ਚੀਫ ਖਾਲਸਾ ਦੀਵਾਨ, ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ 54ਵੇਂ ਸਮਾਗਮ, ਜੋ ਚੰਡੀਗੜ੍ਹ ਵਿਖੇ 13, 14 ਅਤੇ 15 ਮਾਰਚ, 1981 ਨੂੰ ਹੋਇਆ, ਉਸ ਬਾਰੇ ਸੰਖੇਪ ਜਾਣਕਾਰੀ ਤੇ ਰੀਪੋਰਟ ਅਤੇ ਐਜੂਕੇਸ਼ਨਲ ਕਮੇਟੀ ਦੀ ਕਾਰਗੁਜ਼ਾਰੀ ਬਾਰੇ ਰੀਪੋਰਟ ਪੇਸ਼ ਕਰਾਂ, ਮੇਰੇ ਅਤੇ ਐਜੂਕੇਸ਼ਨਲ ਕਮੇਟੀ, ਚੀਫ ਖ਼ਾਲਸਾ ਦੀਵਾਨ ਦੇ ਸੁਭਾਗ ਹਨ ਕਿ ਸ੍ਰੀਮਾਨ ਗੁਰਮੁਖ ਪਿਆਰੇ ਸੰਤ ਤੀਰਥ ਸਿੰਘ ਜੀ 'ਸੇਵਾ ਪੰਥੀ', ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਨਾ ਮੰਡੀ, ਜਿਲਾ ਬਠਿੰਡਾ, ਜਿਨ੍ਹਾਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ 55ਵਾਂ ਸਮਾਗਮ ਜਿਥੇ ਅੱਜ ਆਪ ਸਮੂੰਹ ਇਕੱਤਰ ਹੋ ਕੇ ਸ਼ੁਸ਼ੋਭਤ ਹੋਏ ਹੋ, ਉਨ੍ਹਾਂ ਦਾ ਧੰਨਵਾਦ ਕਰਾਂ, ਜਿਨ੍ਹਾਂ ਨੇ ਕਾਨਫ੍ਰੰਸ ਨੂੰ ਪੁਰਾਣੀ ਲੀਹਾਂ ਤੇ ਸੁਰਜੀਤ ਕਰਨ ਲਈ ਹੁੰਗਾਰਾ ਭਰਦਿਆਂ ਸੱਦਾ ਦਿਤਾ ਹੈ।

ਐਜੂਕੇਸ਼ਨਲ ਕਮੇਟੀ ਅਤੇ ਚੀਫ ਖ਼ਾਲਸਾ ਦੀਵਾਨ ਉਹਨਾਂ ਦੀ ਦਿਲੋਂ ਧੰਨਵਾਦੀ ਹੈ ਕਿ ਉਹ ਇਸ ਕਾਨਫ੍ਰੰਸ ਸਮਾਗਮ ਨੂੰ ਪੂਨਰ ਅਤੇ ਨਿਰੋਈ ਅਗਵਾਈ ਬਖਸ਼ ਰਹੇ ਹਨ ਅਤੇ ਉਹਨਾਂ ਕਾਨਫ੍ਰੰਸਾਂ ਦੀ ਲੜੀ ਜੋ ਰੁਕੀ ਹੋਈ ਸੀ ਉਸ ਨੂੰ ਅਰੁਕ ਕਰ ਕੇ ਟੁਟੀ ਹੋਈ ਨੂੰ ਗੰਢਿਆ ਹੈ।

ਐਜੂਕੇਸ਼ਨਲ ਕਮੇਟੀ ਸ: ਜਗਜੀਤ ਸਿੰਘ ਜੀ ਅਰੋੜਾ (ਰੀ:) ਲੈਫ: ਜਨਰਲ ਜਿਨ੍ਹਾਂ ਨੇ ਇਸ ਕਾਨਫ੍ਰੰਸ ਦੀ ਪਰਧਾਨਗੀ ਕਰਨੀ ਪਰਵਾਨ ਕੀਤੀ ਹੈ ਅਤੇ ਇਸ ਸਮੇਂ ਸਾਡੇ ਵਿਚ ਸ਼ੁਸ਼ੋਭਤ ਹਨ ਉਹਨਾਂ ਦੀ ਅਤੇ ਸਰਦਾਰ ਅਮਰਿੰਦਰ ਸਿੰਘ ਜੀ ਮਹਾਰਾਜਾ

ਸਾਹਿਬ ਪਟਿਆਲਾ ਜਿਹਨਾ ਨੇ ਇਸ ਕਾਨਫ੍ਰੰਸ ਦਾ ਉਦਘਾਟਨ ਕਰਨਾ ਪਰਵਾਨ ਕੀਤਾ ਹੈ ਅਤੇ ਉਹ ਵੀ ਇਸ ਸਮੇਂ ਕਾਨਫ੍ਰੰਸ ਪੰਡਾਲ ਵਿਚ ਸੁਸ਼ੋਭਤ ਹਨ ਦਾ ਧੰਨਵਾਦੀ ਹਾਂ ਜਿਹਨਾਂ ਆਪਣੇ ਰੁਝੇਵਿਆਂ ਵਿਚੋਂ ਸਮਾਂ ਕਢ ਕੇ ਸਾਡੀਆਂ ਬੇਨਤੀਆਂ ਨੂੰ ਪਰਵਾਨ ਕਰਦੇ ਹੋਏ ਸਾਨੂੰ ਨਿਵਾਜ਼ਿਆ ਹੈ।

## ਟਿਕਾਣਾ ਭਾਈ ਜਗਤਾ ਜੀ

ਬਠਿੰਡਾ ਜ਼ਿਲਾ ਦੇ ਇਸ ਪਛੜੇ ਇਲਾਕੇ ਵਿਚ ਸੇਵਾ ਪੰਥੀ ਟਿਕਾਣੇ ਦੇ ਬਾਨੀਆਂ ਅਤੇ ਮੋਢੀਆਂ ਵਲੋਂ ਸ੍ਰੀਮਾਨ ਸੰਤ ਤੀਰਥ ਸਿੰਘ ਜੀ ਦੀ ਸਰਪਰਸਤੀ ਹੇਠ ਚਲ ਰਹੇ ਆਸ਼ਰਮਾਂ ਦੇ ਵੇਰਵੇ ਤੋਂ ਹੀ ਪਤਾ ਲੱਗ ਜਾਵੇਗਾ ਕਿ ਸੰਤ ਜੀ ਕਿਤਨੇ ਪਰਉਪਕਾਰੀ, ਦੂਰਦਰਸ਼ੀ ਅਤੇ ਹਰਮਨ ਪਿਆਰੀ ਹਸਤੀ ਹਨ ਜਿਹਨਾਂ ਨੇ ਇਸ ਅਸਥਾਨ ਵਿਚ ਜੰਗਲ ਵਿਚ ਮੰਗਲ ਬਣਾਇਆ ਹੋਇਆ ਹੈ। ਟਿਕਾਣੇ ਵਲੋਂ ਚਲ ਰਹੇ ਆਸ਼ਰਮਾਂ ਦਾ ਵੇਰਵਾ।

1) ਭਾਈ ਆਸਾ ਸਿੰਘ ਗਰਲਜ਼ ਕਾਲਜ (ਪ੍ਰਵਾਨਿਤ)
2) ਭਾਈ ਜਗਤਾ ਜੀ ਮਾਡਲ ਸਕੂਲ।
3) ਭਾਈ ਜਗਤਾ ਜੀ ਮਿਡਲ ਸਕੂਲ।
4) ਭਾਈ ਘਨੱਈਆ ਜੀ ਚੈਰੀਟੇਬਲ ਹਸਪਤਾਲ।
5) ਭਾਈ ਘਨੱਈਆ ਜੀ ਹਸਪਤਾਲ ਡੈਂਟਲ ਵਿੰਗ।
6) ਭਾਈ ਸੇਵਾ ਰਾਮ ਵਚਿੱਤਰ ਖ਼ਾਲਾ।
7) ਗੁਰੂ ਤੇਗ ਬਹਾਦਰ ਭਵਨ।
8) ਗੁਰੂ ਨਾਨਕ ਲਾਇਬਰੇਰੀ।
9) ਰਿਹਾਇਸ਼ ਲਈ ਸਰਾਂ ਅਤੇ ਕਮਰੇ।
10) ਟਿਕਾਣਾ ਸਾਹਿਬ ਵਿਖੇ ਟਿਊਬਵੈਲ, ਵਾਟਰ ਵਰਕਸ, ਫਲੱਸ਼, ਟੱਟੀਆਂ ਅਤੇ ਅਸ਼ਨਾਨ ਘਰ।
11) ਪੰਜਾਹ ਏਕੜ ਦੀ ਐਗਰੀਕਲਚਰਲ ਫਾਰਮ।
12) 40 ਕਨਾਲ ਜ਼ਮੀਨ ਗਰਲਜ਼ ਕਾਲਜ ਬਿਲਡਿੰਗ ਦੀ ਉਸਾਰੀ ਅਤੇ ਖੇਡਾਂ ਲਈ।
13) ਸੁੰਦਰ ਦਰਬਾਰ ਹਾਲ, ਗੁਰਦੁਆਰਾ ਸਾਹਿਬ ਇਤ ਆਦਿ।

## 55ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ

ਬਠਿੰਡਾ ਦੇ ਜ਼ਿਲੇ ਵਿਚ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਸਮਾਗਮ ਪਹਿਲੀ ਵਾਰ ਹੋ ਰਿਹਾ ਹੈ। ਇਸ ਤੋਂ ਪਹਿਲਾਂ ਫਰੀਦਕੋਟ ਵਿਚ 30ਵੀਂ ਸਿਖ ਐਜੂਕੇਸ਼ਨਲ ਕਾਨਫ੍ਰੰਸ 1943 ਵਿਚ ਹੋਈ ਸੀ ਅਤੇ 1915 ਵਿਚ ਫੀਰੋਜ਼ਪੁਰ ਵਿਚ ਅਠਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਹੋਈ ਸੀ। ਕਾਨਫ੍ਰੰਸ ਦੀ ਬਣਤਰ ਅਨੁਸਾਰ ਇਹ ਕਾਨਫ੍ਰੰਸ ਹਰ ਸਾਲ ਹੋਣੀ ਲੋੜੀਂਦੀ ਹੈ ਪਰ ਕੁਝ ਕਾਰਨਾਂ ਕਰਕੇ ਇਹ ਕਾਨਫ੍ਰੰਸ ਸਮਾਗਮ ਪੂਰੇ ਚੌਹਾਂ ਸਾਲਾਂ ਉਪਰੰਤ ਹੋ ਰਿਹਾ ਹੈ। ਚੰਡੀਗੜ੍ਹ ਕਾਨਫ੍ਰੰਸ ਸਮੇਂ ਚੀਫ਼ ਖ਼ਾਲਸਾ ਦੀਵਾਨ ਦੀ ਦਿੱਲੀ ਲੋਕਲ ਕਮੇਟੀ ਨੇ ਕਾਨਫ੍ਰੰਸ ਦਾ 55ਵਾਂ ਸਮਾਗਮ ਦਿਲੀ ਵਿਖੇ ਕੀਤੇ ਜਾਣ ਲਈ ਸੱਦਾ ਦਿਤਾ ਸੀ। ਪਰ ਇਹ ਸਮਾਗਮ ਉਥੇ ਨਾ ਹੋ ਸਕਿਆ। ਫਿਰ ਕਾਨਫ੍ਰੰਸ ਦਾ ਇਹ ਸਮਾਗਮ ਲੁਧਿਆਣਾ, ਗੋਰਖਪੁਰ, ਪਟਨਾ ਸਾਹਿਬ, ਔਰੰਗਾਬਾਦ, ਨਾਗਪੁਰ ਕਰਾਉਣ ਲਈ ਉਪਰਾਲੇ ਕੀਤੇ ਗਏ ਪਰ ਇਹਨਾਂ ਸਭ ਥਾਵਾਂ ਦੀਆਂ ਸਿੰਘ ਸਭਾਵਾਂ ਅਤੇ ਸੱਜਣਾਂ ਨੇ

ਕਈ ਹੁੰਗਾਰਾ ਨਾ ਭਰਿਆ ਜਿਸ ਕਰਕੇ ਕਾਨਫ੍ਰੰਸ ਹੁਣ ਤਕ ਨਾਂ ਹੋ ਸਕੀ। ਕੁਝ ਸਿਆਸੀ ਹਾਲਾਤ ਵੀ ਅਣਸੁਖਾਵੇਂ ਰਹੇ ਜੋ ਰੁਕਾਵਟ ਪਾਉਂਦੇ ਰਹੇ।

## ਸ਼ਹੀਦਾਂ ਨੂੰ ਸਰਧਾਂਜਲੀ

ਪੰਜਾਬ ਵਿਚ ਜੂਨ 1984 ਦੇ ਪਹਿਲੇ ਹਫਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਗੁਰਦੁਆਰਾ ਸਾਹਿਬਾਨ ਅਤੇ ਸ਼ਹਿਰਾਂ ਵਿਚ ਕਈ ਥਾਵਾਂ ਤੇ ਫੌਜੀ ਕਾਰਵਾਈ ਦੌਰਾਨ ਅਤੇ ਸ੍ਰੀਮਤੀ ਇੰਦਰਾ ਗਾਂਧੀ, ਪਰਧਾਨ ਮੰਤਰੀ ਦੇ 31/10/1984 ਨੂੰ ਹਤਿਆ ਹੋਣ ਕਾਰਨ ਪੰਥ ਨੂੰ ਜਾਨੀ ਅਤੇ ਮਾਲੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਉਸ ਲਈ ਅਰਦਾਸ ਹੈ ਕਿ ਇਹਨਾਂ ਦੰਗਿਆਂ ਅਤੇ ਫਸਾਦਾਂ ਵਿਚ ਸ਼ਹੀਦ ਹੋਈਆਂ ਵਿਛੜੀਆਂ ਰੂਹਾਂ ਨੂੰ ਵਾਹਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਰਖੇ। ਪਾਕਿਸਤਾਨ ਬਣਨ ਉਪਰੰਤ ਜਿਸ ਸਾਹਸ ਅਤੇ ਮਿਹਨਤ ਨਾਲ ਸਿੱਖ ਜਗਤ ਨੇ ਭਾਰਤ ਦੇ ਹਰ ਕੋਨੇ ਵਿਚ ਪੁਨਰਵਾਸ ਕਰਕੇ ਆਪਣ ਆਪ ਨੂੰ ਭਾਰਤ ਦਾ ਇਕ ਅਨਿਖੜਵਾਂ, ਉਪਜਾਊ ਅਤੇ ਨਿਰੋਇਆ ਅੰਗ ਬਣਾਇਆ ਹੋਇਆ ਸੀ, ਅਰਦਾਸ ਹੈ ਕਿ ਉਸੇ ਤਰ੍ਹਾਂ ਮੁੜ ਦਰਿੜਤਾ ਅਤੇ ਭਰਪੂਰ ਮਿਹਨਤ ਅਤੇ ਸੂਝ ਤੋਂ ਕੰਮ ਲੈਂਦੇ ਹੋਏ ਉਹ ਆਪਣੇ ਪੈਰਾਂ ਤੇ ਖੜੇ ਕੇ ਭਾਰਤ ਦੇ ਇਕ ਨੰਬਰ ਦੇ ਸ਼ਹਿਰੀ ਬਨਣ।

## ਸਮਰਪਨ

ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਪੰਥ ਨੂੰ ਇਕ ਵੱਡੀ ਦੇਣ ਇਹ ਰਹੀ ਹੈ ਕਿ ਜਿਸ ਸ਼ਹਿਰ ਜਾਂ ਨਗਰ ਵਿਚ ਇਹ ਕਾਨਫ੍ਰੰਸ ਹੁੰਦੀ ਰਹੀ ਹੈ ਉਥੇ ਆਪਣੀ ਹੋਂਦ ਅਤੇ ਛਾਪ ਛਡ ਕੇ ਆਉਂਦੀ ਰਹੀ ਹੈ ਜਿਵੇਂ ਕੋਈ ਨਵਾਂ ਸਕੂਲ, ਕਾਲਜ ਜਾਂ ਇਸਤਰੀਆਂ ਦਾ ਕਾਲਜ ਖੁਲ੍ਹਦਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਇਹ ਕਾਨਫ੍ਰੰਸਾਂ ਕਿਸੇ ਮਹਾਨ ਘਟਨਾ ਸ਼ਖਸ਼ੀਅਤ ਅਤੇ ਕਾਰਜ ਨੂੰ ਸਮਰਪਤ ਕੀਤੀ ਜਾਂਦੀ ਰਹੀ ਹੈ।

ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ 51ਵੇਂ ਸਮਾਗਮ ਬੰਬਈ ਦੇ ਕਰਾਸ ਮੈਦਾਨ ਵਿਚ 1971 ਵਿਚ ਹੋਇਆ ਜੋ ਪੰਜਾਬੀ ਦੇ ਆਧੁਨਿਕ ਕਾਲ ਦੇ ਮਹਾਨ ਸੰਤ, ਸਾਹਿਤਕਾਰ ਅਤੇ ਕਵੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਸਤਾਬਦੀ ਨੂੰ ਸਮਰਪਤ ਕੀਤਾ ਗਿਆ, 52ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਸਮਾਗਮ ਭਾਰਤ ਦੇ ਉਘੇ ਉਦਯੋਗਿਕ ਸ਼ਹਿਰ ਕਾਨ੍ਹਪੁਰ ਵਿਚ 1974 ਵਿਚ ਬੜੀ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਉਸ ਕਾਨਫ੍ਰੰਸ ਨੂੰ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਨਾਲ ਜੋੜਕੇ ਸਮਰਪਤ ਕੀਤਾ ਗਿਆ। 53ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਦਸੰਬਰ 1976 ਵਿਚ ਕੀਤਾ ਗਿਆ। ਉਸ ਨੂੰ ਸ੍ਰੀ ਅੰਮ੍ਰਿਤਸਰ ਦੇ ਸਥਾਪਨਾਂ ਦਿਵਸ ਦੀ 400 ਸਾਲਾ ਸ਼ਤਾਬਦੀ ਨੂੰ ਸਮਰਪਤ ਕੀਤਾ ਗਿਆ। ਉਸ ਕਾਨਫ੍ਰੰਸ ਵਿਚ ਵਿਸ਼ੇਸ਼ਤਾ ਇਹ ਵੀ ਸੀ ਕਿ ਵੱਖ ਵੱਖ ਸਮਾਗਮਾਂ ਲਈ ਬਣਾਏ ਅਤੇ ਸਜਾਏ ਗਏ ਪੰਡਾਲਾਂ ਨੂੰ ਖਾਲਸਾ ਪੰਥ ਦੇ ਮਹਾਨ ਸ਼ਖਸ਼ੀਅਤਾਂ ਅਤੇ ਇਤਿਹਾਸ ਨਾਲ ਸਬੰਧਤ ਹਸਤੀਆਂ ਅਤੇ ਘਟਨਾਵਾਂ ਨਾਲ ਜੋੜ ਕੇ ਉਹਨਾਂ ਨੂੰ ਸਮਰਪਤ ਕੀਤਾ ਗਿਆ ਸੀ ਜਿਵੇਂ ਮੀਆਂ ਮੀਰ ਨਗਰ, ਮਾਈ ਰਜਨੀ, ਮਾਤਾ ਖੀਵੀ ਜੀ ਆਦਿ। ਕਾਨਫ੍ਰੰਸ ਦੇ 54ਵੇਂ ਸਮਾਗਮ ਨੂੰ ਜੋ ਚੰਡੀਗੜ੍ਹ ਵਿਖੇ ਮਾਰਚ 1981 ਵਿਚ ਹੋਇਆ ਉਸ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਜਿਹਨਾਂ ਦਾ 200 ਸਾਲਾ ਜਨਮ ਵਰ੍ਹਾ ਬੜੀ ਸ਼ਰਧਾ ਨਾਲ 981 ਵਿਚ ਮਨਾਇਆ ਗਿਆ ਸਮਰਪਤ ਕੀਤਾ ਗਿਆ ਸੀ।

ਮੈਂ ਖੁਸ਼ ਹਾਂ ਕਿ ਇਵੇਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ 55ਵਾਂ ਸਮਾਗਮ ਸੇਵਾ ਦੇ ਪੁੰਜ ਅਤੇ ਅਮਨ ਦੂਤ ਭਾਈ ਘਨੱਈਆ ਜੀ ਸਾਹਿਬ ਨੂੰ ਸਮਰਪਤ ਕੀਤਾ ਜਾ ਰਿਹਾ ਹੈ। ਇਹ ਸਮਾਗਮ ਦੀ ਵਾਗ ਡੋਰ ਸੇਵਾ ਸੰਭਾਲ ਅਤੇ

ਅਗਵਾਈ ਸੇਵਾ ਪੰਥੀ ਸਮਪਰਦਾ ਦੀ ਇਕ ਸਾਖਾ ਜਿਥੇ ਕਿ ਅਸੀਂ ਅੱਜ ਇਕੱਤਰ ਹੋਏ ਬੈਠੇ ਹਾਂ ਟਿਕਾਣਾ ਭਾਈ ਜਗਤਾ ਜੀ ਸ ਹਿਬ ਵਿਚ ਪਰਫੁਲਤ ਹੈ ਅਤੇ ਪਰਜ਼ਵਲ ਤ ਹੈ। ਭਾਈ ਸਾਹਿਬ ਦਾ ਜੀਵਨ ਅਤੇ ਉਹਨਾਂ ਵਲੋਂ ਚਲਾਈ ਸੇਵਾ ਪੰਥੀ ਲਹਿਰ ਦਾ ਸੰਖੇਪ ਵਰਨਣ ਕਰਨਾ ਅਤੀ ਜ਼ਰੂਰੀ ਹੈ।

## ਭਾਈ ਘਨੱਈਆ ਜੀ :

ਆਪ ਜੀ ਦਾ ਜਨਮ ਜ਼ਿਲਾ ਗੁਜਰਾਤ (ਹਾਲ ਪਾਕਿਸਤਾਨ) ਦੇ ਸੋਧਰੇ ਨਾਂ ਦੇ ਪਿੰਡ ਵਿਚ ਸੰਮਤ 1:0ੑ ਮੁਤਾਬਕ ਸੰਨ ਈਸਵੀ 1648 ਵਿਚ ਹੋਇਆ। ਬਚਪਨ ਤੋਂ ਹੀ ਆਪ ਸੰਸਾਰਕ ਰੁਝੇਵਿਆਂ ਤੋਂ ਉਚਾਟ ਰਹਿੰਦੇ ਸਨ ਉਹਨਾਂ ਦਾ ਸੁਭਾ ਵੈਰਾਗੀ ਅਤੇ ਤਿਆਗੀ ਸੀ। ਛੋਟੀ ਉਮਰੇ ਹੀ ਪਿਤਾ ਜੀ ਦਾ ਸਾਇਆ ਉਠ ਗਿਆ। ਜੇਠੇ ਪੁੱਤਰ ਹੋਣ ਕਾਰਨ ਘਰ ਦੀ ਸਾਰੀ ਜਿਮੇਂਵਾਰੀ ਉਹਨਾਂ ਦੇ ਸਿਰ ਤੇ ਆ ਪਈ। ਜ਼ਿਕਰ ਆਉਂਦਾ ਹੈ ਕਿ ਉਹ ਇਕ ਵਾਰੀ ਸਮੇਂ ਦੇ ਹਾਕਮ ਨਾਲ ਦੌਰੇ ਤੇ ਜਾ ਰਹੇ ਸਨ ਕਿ ਉਹਨਾਂ ਦੇ ਤਿਆਗੀ ਮੰਨ ਤੇ ਚੁਪ ਚਪਾਤੇ ਸਭ ਕੁਝ ਛਡ ਕੇ ਸਾਥੀਆਂ ਨਾਲੋਂ ਨਿਖੜ ਗਏ ਤੇ ਅੰਗਿਆਤ ਵਾਸ ਕਰ ਲਿਆ। ਉਸ ਉਪਰੰਤ ਆਪ ਸੇਵਾ ਸਿਮਰਨ ਵਿਚ ਲਗ ਪਏ ਅਤੇ ਇਹ ਦਿਸ਼ਾ ਆ ਗਈ ਕਿ ਉਹ ਸੇਵਾ ਕਰਦਿਆਂ ਕਰਦਿਆਂ ਬ੍ਰਹਮ ਗਿਆਨੀ ਦੀ ਅਵਸਥਾ ਪ੍ਰਾਪਤ ਕਰ ਗਏ।

ਸੂਰਜ ਪ੍ਰਕਾਸ਼ ਗ੍ਰੰਥ ਦੇ ਕਰਤਾ ਅਨੁਸਾਰ ਜਦੋਂ ਅਨੰਦਪੁਰ ਸਾਹਿਬ ਵਸ ਗਿਆ ਤਾਂ ਗੁਰਮਤਿ ਪਰਚਾਰ ਦੀ ਲੜੀ ਚਲਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਘਨੱਈਆ ਜੀ ਨੂੰ ਹੁਕਮ ਕੀਤਾ। "ਭਾਈ ਘਨੱਈਆ ਤੂੰ ਬੜੀ ਸੇਵਾ ਕੀਤੀ ਹੈ, ਤੇਰੀ ਸੇਵਾ ਥਾਇ ਪਈ ਹੈ। ਗੁਰੂ ਨਾਨਕ ਦੇਵ ਜੀ ਦੇ ਘਰੋਂ ਘਰੋਂ ਤੈਨੂੰ ਜੋ ਕੁਝ ਮਿਲਿਆ ਹੈ। ਵੰਡ ਕੇ ਛਕੋ ਭਾਵ ਗੁਰਮਤਿ ਦਾ ਪਰਚਾਰ ਕਰੋ", "ਆਪ ਜਪੈ ਅਵਰਹਿ ਨਾਮ ਜਪਾਵੈ" ਦਾ ਸਿਧਾਂਤ ਦਸਿਆ।

ਭਾਈ ਘਨੱਈਆ ਜੀ ਨੇ ਹੁਕਮ ਦੀ ਪਾਲਣਾ ਕੀਤੀ। ਦੇਸ਼ਾਂ ਦੇਸ਼ਾਂਤਰਾਂ ਵਿਚ ਵਿਚਰਨ ਲਗੇ, ਫਿਰਦੇ ਫਿਰਾਂਦੇ ਦੋਵਨੋਤ ਕੰਮਲ ਪੁਰ ਦੇ ਜ਼ਿਲੇ ਕਹਵਾ ਕਸਬੇ (ਹਾਲ ਪਾਕਿਸਤਾਨ) ਜਾ ਨਿਕਲੇ। ਰਾਤ ਇੱਕ ਸਰਾਂ ਵਿੱਚ ਰਹੇ, ਰਾਤ ਸਮੇਂ ਪਿਆਸ ਲੱਗੀ ਪਰ ਪਾਣੀ ਕਿਤੋਂ ਨਾ ਮਿਲਿਆ। ਪਤਾ ਕਰਨ ਤੇ ਮਲੂਮ ਹੋਇਆ ਕਿ ਇਥੇ ਪਾਣੀ ਦੀ ਬਹੁਤ ਤੰਗੀ ਹੈ। ਪਹਾੜੀ ਇਲਾਕਾ ਹੋਣ ਕਰਕੇ ਤਿੰਨਾਂ ਮੀਲਾਂ ਤੋਂ ਨਦੀ ਤੋਂ ਪਾਣੀ ਲਿਆ। ਸਰਾਂ ਦੇ ਸਾਹਮਣੇ ਸੜਕ (ਸ਼ੇਰ ਸ਼ਾਹ ਸੂਰੀ ਮਾਰਗ) ਤੇ ਪਿਆਓ ਲਗ ਦਿਤਾ। ਹੌਲੇ ਹੌਲੇ ਚੰਗਾ ਤਕੜਾ ਆਸ਼ਰਮ ਬਣ ਗਿਆ। ਹਰ ਸਮੇਂ ਲਈ ਸੌ ਮਟਕਾ ਪਾਣੀ ਦਾ, ਸੌ ਬਿਸਤਰਾ, ਮੰਜਾ ਮੁਸਾਫਰਾਂ ਲਈ ਤਿਆਰ ਕੀਤਾ। ਸਤਿਸੰਗ ਦੀ ਵੀ ਲਹਿਰ ਚਲ ਪਈ। ਸਮਾਂ ਬੀਤਦਾ ਗਿਆ, ਭਾਈ ਘਨੱਈਆ ਜੀ ਕਦੀ ਕਦਾਂਈਂ ਗੁਰੂ ਜੀ ਦੇ ਦਰਸ਼ਨਾਂ ਨੂੰ ਜਾਂਦੇ। ਭਾਈ ਘਨੱਈਆ ਜੀ ਦੀ ਬ੍ਰਿਤੀ ਦੇਖ ਕੇ ਗੁਰੂ ਜੀ ਬੜੇ ਪ੍ਰਸੰਨ ਹੁੰਦੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਦ ਕਲਗੀਧਰ ਜੀ ਨੇ ਧਰਮ ਯੁੱਧ ਲੜੇ, ਆਨੰਦਪੁਰ ਦੇ ਘੇਰੇ ਸਮੇਂ ਭਾਈ ਘਨੱਈਆ ਜੀ ਦਰਸ਼ਨਾਂ ਨੂੰ ਗਏ। ਕਲਗੀਧਰ ਜੀ ਦਾ ਹੁਕਮ ਹੋਇਆ, "ਭਾਈ ਘਨੱਈਆ! ਤੂੰ ਆਪਣੇ ਡੇਰੇ ਜਲ ਦੀ ਸੇਵਾ ਕਰਦਾ ਹੈ, ਹੁਣ ਇਥੇ ਧਰਮ ਯੁੱਧ ਹੋ ਰਿਹਾ ਹੈ, ਪਾਣੀ ਦੀ ਸੇਵਾ ਕਰ।" ਸਤਿਬਚਨ ਕਹਿ ਕੇ ਪਾਣੀ ਦੀ ਸੇਵਾ ਮੈਦਾਨੇ ਜੰਗ ਵਿਚ ਆਰੰਭ ਕਰ ਦਿੱਤੀ। ਸੁਭਾਅ ਅਨੁਸਾਰ ਸਭ ਨੂੰ ਹੀ ਪਿਲਾਈ ਜਾਣਾ। ਲੜਨ ਵਾਲੇ ਸਿੱਖਾਂ ਨੂੰ ਵੀ, ਮਾਰਨ ਵਾਲੇ ਮੁਸਲਮਾਨਾਂ ਨੂੰ ਵੀ, ਜੋ ਪਾਣੀ ਮੰਗੇ ਪਿਲਾਈ ਜਾਣਾ। ਸਿੰਘ ਸੂਰਮੇ ਹਰਾਨ ਹੋਣ, "ਕੀ ਕਰਦਾ ਹੈ?' ਦੋ ਚਾਰ ਵਾਰੀ ਕਿਹਾ ਵੀ ਗਿਆ। "ਭਾਈ ਸਿੱਖਾ, ਆਪਣੇ ਬੰਦਿਆਂ ਨੂੰ ਪਿਲਾਇਆ ਕਰ।" ਅਖੀਰ ਗੱਲ ਕਲਗੀਧਰ ਪਿਤਾ ਜੀ ਤੱਕ ਪੁੱਜੀ, ਪੁੱਛ ਹੋਈ, ਭਾਈ ਜੀ ਨੇ ਜੋ ਉੱਤਰ ਦਿਤਾ ਭਾਈ ਸਾਹਿਬ ਡਾ: ਵੀਰ ਸਿੰਘ ਜੀ ਨੇ ਦਰਸਾਇਆ ਹੈ :–

"ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਈਂ।
ਤੁਰਕ ਅਤੁਰਕ ਨਾ ਦਿਸਦਾ ਮੈਨੇ ਤੂੰ ਸਾਰੇ ਦਿਸ ਆਈਂ॥

ਭਾਈ ਘਨੱਈਆ ਜੀ ਸਮ ਦ੍ਰਿਸ਼ਟੀ, ਸਾਦਗੀ ਵੇਖ ਕੇ ਕਲਗੀਧਰ ਜੀ ਨੇ ਕੀ ਕੀਤਾ :—

> "ਹੱਸੇ ਤੇ ਗਲ ਲਾਇਆ ਪਿਆਰਾ, ਡੱਬੀ ਹੱਥ ਫੜਾਈ।
> ਪਾਣੀ ਨਾਲ ਮਲ੍ਹਮ ਵੀ ਰੱਖੀਂ ਲੋੜ ਪਏ ਤੇ ਲਾਈਂ।।

ਬਚਨ ਹੋਇਆ—

> "ਇਹ ਭੀ ਅਪਨੋ ਪੰਥ ਪ੍ਰਕਾਸ਼ੇ
> ਬਹੁ ਲੋਗਨ ਕੀ ਕੁਮਤਿ ਬਿਨਾਸੈ।"

( ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ )

"ਜਾ ਭਾਈ ਘਨੱਈਆ, ਤੂੰ ਅਸਚਰਜ ਸੇਵਾ ਕੀਤੀ ਹੈ, ਇਸ ਮਹਾਨ ਸੇਵਾ ਤੇ ਸੇਵਾ ਪੰਥੀ ਸੰਪ੍ਰਦਾਇ ਚਲੇਗੀ, ਇਸ ਇਸ ਤਰ੍ਹਾਂ ਸਭ ਵਿੱਚ ਬ੍ਰਹਮ ਦੇਖ ਕੇ ਸਭ ਜੀਵਾਂ ਦੀ ਸੇਵਾ ਕਰੋ।" ਦੇ ਡਿਊਟੀਆਂ ਲੱਗ ਗਈਆਂ। ਨਾਮ ਬਾਣੀ ਦੀ ਦਾਤ ਵੰਡਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਖਸ਼ਿਸ਼ ਕੀਤੀ, ਸਭ ਜੀਵਾਂ ਵਿਚ ਬ੍ਰਹਮ ਦੇਖਕੇ ਸੇਵਾ ਦੀ ਬਖਸ਼ਿਸ਼ ਕਲਗੀਧਰ ਤੋਂ ਹੋਈ।

ਭਾਈ ਘਨੱਈਆ ਜੀ ਸੇਵਾ ਪੰਥੀ ਸੰਪ੍ਰਦਾਇਕ ਦੇ ਮੋਢੀ ਸਨ ਅਤੇ ਉਹਨਾਂ ਦੇ ਜੀਵਨ ਦਾ ਮੁਖ ਉਦੇਸ਼ ਪ੍ਰਭੂ ਭਗਤੀ ਅਤੇ ਮਨੁੱਖਤਾ ਦੀ ਸੇਵਾ ਸੀ। ਉਹਨਾਂ ਗੁਰਬਾਣੀ ਕੱਥਨ "ਨਾਂ ਕੋ ਬੈਰੀ ਨਾਹਿ ਬਿਗਾਨਾ, ਸਗਲ ਸੰਗਿ ਹਮ ਕਉ ਬਨਿਆਈ" ਅਨੁਸਾਰ ਆਪਣੇ ਜੀਵਨ ਨੂੰ ਤਨੋਂ ਮਨੋਂ ਕਮਾਇਆ। ਉਨ੍ਹਾਂ ਨੂੰ ਸਾਰਿਆਂ ਵਿਚ ਗੁਰੂ ਦੀ ਜੋਤ ਦਿਖਾਈ ਦਿਤੀ। ਉਹ ਮਿੱਤਰ ਅਤੇ ਸ਼ਤਰੂ ਨੂੰ ਇਕ ਸਮਾਨ ਸਮਝਦੇ ਹੋਏ ਬਿਨਾਂ ਕਿਸੇ ਭੇਦ ਭਾਵ ਦੇ ਮਨੁਖ ਜਾਤੀ ਦੀ ਸੇਵਾ ਵਿਚ ਰੁਝੇ ਰਹੇ। ਉਹ ਸਹੀ ਅਰਥਾਂ ਵਿਚ ਇਕ ਬ੍ਰਹਮ ਗਿਆਨੀ ਅਤੇ ਧਰਮੀ ਪੁਰਖ ਸਨ।

ਭਾਈ ਘਨੱਈਆ ਜੀ ਨੇ ਜਿਸ ਸੰਪ੍ਰਦਾਇ ਨੂੰ ਚਾਲੂ ਕੀਤਾ ਉਸ ਦਾ ਮੁਖ ਮਨੋਰਥ ਸੇਵਾ ਹੈ। ਭਾਈ ਘਨਈਆ ਜੀ ਨੂੰ ਜੋ ਅੰਤਰ ਰਾਸ਼ਟਰੀ ਪੱਧਰ ਦੀ ਰੈਡ ਕਰਾਸ ਤੁਲ "ਸੇਵਾ ਪੰਥੀ ਸੰਪ੍ਰਦਾਇ" ਦੇ ਮੋਢੀ ਮਿਥੇ ਜਾਂਦੇ ਹਨ। ਦੁਖੀਆਂ ਦਾ ਦਰਦ ਵੰਡਾਉਣਾ ਅਤੇ ਉਹਨਾਂ ਦੀ ਸੇਵਾ ਕਰਨੀ ਇਨਸਾਨ ਦਾ ਪਰਮ ਕਰਤਵ ਹੋਣਾ ਚਾਹੀਦਾ ਹੈ। ਇਸ ਸੰਪਰਦਾਇ ਨੇ ਅਨੇਕਾਂ ਡੇਰੇ ਸਥਾਪਤ ਕੀਤੇ ਹਨ, ਜਿਨ੍ਹਾਂ ਵਲੋਂ ਵਿਦਿਆ ਦਾ ਪਰਚਾਰ, ਰੋਗੀਆਂ ਦੀ ਸੇਵਾ ਅਤੇ ਹੋਰ ਕਈ ਪਰਕਾਰ ਦੇ ਸਮਾਜ ਭਲਾਈ ਦੇ ਸ਼ਲਾਘਾ ਯੋਗ ਯਤਨ ਹੋ ਰਹੇ ਹਨ। ਅਜੋਕੇ ਸਮਾਜ ਵਿਚ ਆਪਣੇ ਆਦਰਸ਼ਾਂ ਤੋਂ ਟੁੱਟਿਆਂ ਮਨੁੱਖ ਗੁਮਰਾਹ ਹੋ ਰਿਹਾ ਹੈ, ਪ੍ਰੇਮ ਪਿਆਰ, ਸੇਵਾ ਅਤੇ ਕੁਰਬਾਨੀ ਦਾ ਜਜ਼ਬਾ ਦਿਨ-ਬਦਿਨ ਘੱਟ ਰਿਹਾ ਹੈ, ਅਤੇ ਉਨ੍ਹਾਂ ਦੀ ਥਾਂ ਫਿਰਕਾ ਪ੍ਰਸਤੀ ਅਤੇ ਘ੍ਰਿਣਾ ਦਾ ਭਾਵਨਾ ਪਰਬਲ ਹੁੰਦੀ ਜਾ ਰਹੀ ਹੈ। ਅਜਿਹੀ ਸਥਿਤੀ ਵਿਚ ਭਾਈ ਘਨੱਈਆ ਜੀ ਵਲੋਂ ਦਰਸਾਏ ਮਾਰਗ ਤੇ ਚਲਦੇ ਹੋਏ ਮਨੁੱਖਤਾ ਦਾ ਵਧੇਰੇ ਉਧਾਰ ਹੋ ਸਕਦਾ ਹੈ। ਸਾਨੂੰ ਸਵਾਰਥੀ ਗੱਲਾਂ ਤੋਂ ਉੱਚਾ ਉੱਠ ਕੇ ਮਾਨਵੀ ਕਦਰਾਂ, ਕੀਮਤਾਂ ਨੂੰ ਬਹਾਲ ਰਖਣ ਲਈ ਪ੍ਰਯਤਨਸ਼ੀਲ ਹੋਣਾ ਚਾਹੀਦਾ ਹੈ।

ਮਾਨਵਤਾ ਦੇ ਨਿਰਛਲ ਪਿਆਰ ਵਿਚ ਰੰਗਿਆ ਪ੍ਰਭੂ ਦਾ ਇਹ ਸਚਾ ਸੇਵਕ ਨਿਰਸੁਆਰਥ ਨਿਸ਼ਕਾਮ ਤੇ ਨਿਰੋਲ ਸੇਵਾ ਦਾ ਪੁੰਜ ਹੋ ਨਿਬੜਿਆ। ਅੱਜ ਦੇ ਭਿੰਨ ਭੇਦ ਅਤੇ ਜਾਤਪਾਤ ਵਿਚ ਵੰਡੇ ਹੋਏ ਸਮਾਜ ਵਿਚ ਇਕ ਰੱਬੀ ਨੂਰ ਅਤੇ ਗੁੰਮਰਾਹ ਹੋਏ ਵਿਅਕਤੀਆਂ ਅੰਤਰ ਰਬੀ ਜੋਤ ਜਗਾਂ ਕੇ ਭਾਈ ਘਨੱਈਆ ਜੀ ਦੇ ਪੂਰਨਿਆਂ ਤੇ ਚਲਣ ਦੀ ਪਰੇਰਨਾ ਮਿਲੀ।

ਭਾਈ ਘਨੱਈਆ ਜੀ ਦੀ ਮਨੁੱਖਤਾ ਲਈ ਉਹਨਾਂ ਦੇ ਸਾਂਝੀ ਵਾਲਤਾ, ਭਾਈਚਾਰ, ਸੇਵਾ ਹਮਦਰਦੀ ਪਿਆਰ ਦੇ ਉੱਚ ਆਦਰਸ਼ਾਂ ਦੇ ਪਰਚਾਰ ਦੀ ਅੱਜ ਦੇ ਸਮੇਂ ਲੋੜ ਹੈ ਤਾਂ ਜੋ ਸੰਕੀਰਣ ਸੋਚਣੀ ਅਤੇ ਨਿਜੀ ਸੁਆਰਥੀ ਭਾਵਨਾ ਨਾਲ ਪੀੜਤ ਇਨਸਾਨੀਅਤ ਦੇ ਜ਼ਖਮਾਂ ਤੇ ਪਰਸਪਰ ਭਾਈ ਚਾਰੇ ਸਦਭਾਵਨਾ, ਪ੍ਰੇਮ ਦੀ ਮਲ੍ਹਮ ਲਗ ਸਕੇ। ਭਾਈ ਘਨੱਈਆ ਜੀ ਦੀ ਨਿਸ਼ਕਾਮ ਸੇਵਾ ਅਤੇ ਸਰਬਤ ਦੇ ਭਲੇ ਦਾ ਸੰਦੇਸ਼ ਹੀ ਇਕੋ ਇਕ ਰਾਹ ਹੈ ਜਿਹੜਾ ਅੱਜ ਦੇ ਮਨੁੱਖ ਨੂੰ ਘਿਰਣਾ ਦਵੈਸ਼ ਅਸ਼ਾਂਤੀ ਦੇ ਹਨੇਰੇ ਵਿਚੋਂ ਕੱਢਕੇ ਅਮਲ ਏਕਤਾ, ਸਾਂਝੀ ਵਾਲਤਾਂ ਵਲ ਲੈ ਕੇ ਜਾ ਸਕਦੀ ਹੈ। ਵਕਤ ਦੀ ਸਿਆਸਤ ਨੇ ਇਕੋ ਮਾਂ-ਪਿਉ ਜਾਇਆਂ ਦੇ ਮਨ ਵਿਚ ਫਰਕ ਪਾ ਦਿਤਾ ਹੈ। ਚੰਗੇ ਭਲੇ ਵਸਦੇ ਪੰਜਾਬੀਆਂ ਨੂੰ ਹਿੰਦੂ ਸਿੱਖ ਬਣਾ ਕੇ ਦੋ ਧੜੇ ਰਖ ਦਿਤੇ ਹਨ। ਅਸਲ ਵਿਚ ਪੰਜਾਬੀਆਂ ਨੂੰ ਅਜਿਹੇ ਆਗੂ ਦੀ ਲੋੜ ਹੈ ਜੋ ਇਨ੍ਹਾਂ ਦੇ ਤਪਦੇ ਮਨਾਂ ਨੂੰ ਠਾਰ ਸਕੇ। ਕੋਈ ਮਸੀਹਾ ਜਿਹੜਾ ਗੰਢਾਂ ਸੁਲਝਾ ਸਕਦਾ ਹੋਵੇ। ਮਨੁਖਤਾ ਦੀ ਸੇਵਾ ਹੀ ਰਬ ਦੀ ਸੇਵਾ ਹੈ।

## ਕਾਨਫ੍ਰੰਸ ਦਾ ਪਿਛੋਕੜ :

ਸਿੱਖ ਕੌਮ ਦਾ ਜਨਮ ਸੰਘਰਸ਼ ਸਮੇਂ ਹੋਇਆ ਅਤੇ ਖਾਲਸਾ ਪੰਥ ਦੇ ਸਾਜਨ ਤੋਂ ਹੀ ਸਾਡੀ ਕੌਮ ਜੰਗਾਂ ਯੁੱਧਾਂ ਵਿਚ ਜੁੱਡੀ ਰਹੀ, ਜਿਸ ਕਰਕੇ ਵਿਦਿਆ ਪ੍ਰਦਾਨ ਕਰਨ ਵਾਲੇ ਪਾਸੇ ਬਹੁਤਾ ਧਿਆਨ ਨਾ ਦਿਤਾ ਜਾ ਸਕਿਆ। ਸਿੱਖ ਕੌਮ ਦੋ ਸਦੀਆਂ ਜ਼ੁਲਮ ਵਿਰੁਧ ਲੜਦੀ ਰਹੀ ਅੰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕੁਝ ਸ਼ਾਂਤੀ ਦਾ ਸਾਹ ਆਇਆ ਅਤੇ ਸਿੱਖ ਕੌਮ ਨੂੰ ਵਿਦਿਆ ਪ੍ਰਦਾਨ ਕਰਨ ਲਈ ਵਧੇਰੇ ਧਿਆਨ ਦੇਣ ਲਈ ਲੋੜ ਭਾਸੀ। ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਮੁੱਢਲੀ ਵਿਦਿਆ ਮਸੀਤਾਂ, ਮੰਦਰਾਂ, ਮੱਠਾਂ ਤੇ ਗੁਰਦੁਆਰਿਆਂ ਵਿਚ ਹੀ ਦਿੱਤੀ ਜਾਂਦੀ ਸੀ। ਡੇਰਿਆਂ ਤੇ ਮੱਠਾਂ ਵਿਚ ਵਿਦਿਆ ਪਰਬੰਧ ਉਦਾਸੀ ਜਾਂ ਨਿਰਮਲੇ ਕਰਿਆ ਕਰਦੇ ਸਨ ਤੇ ਇਸ ਵਿਦਿਅਕ ਪਰਣਾਲੀ ਦਾ ਪਰਵਾਹ ਚਾਲੂ ਰਖਣ ਲਈ ਮਹਾਰਾਜਾ ਰਣਜੀਤ ਸਿੰਘ 'ਧਰਮ ਅਰਥ' ਜ਼ਮੀਨਾਂ ਤੇ ਜਾਗੀਰਾਂ ਦੇ ਦਿਆ ਕਰਦੇ ਸਨ। ਪਰ ਆਪਣੇ ਰਾਜ ਦੇ ਅਖੀਰਲੇ ਸਾਲਾਂ ਵਿਚ ਆਪ ਨੂੰ ਨਿਸਚਾ ਹੋ ਗਿਆ ਜਾਪਦਾ ਸੀ ਕਿ ਪੱਛਮੀ ਵਿਦਿਅਕ ਪਰਣਾਲੀ ਦੇ ਗੁਣਾਂ ਨੂੰ ਅਪਨਾਉਣਾ ਚਾਹੀਦਾ ਹੈ ਤੇ ਜਿਸ ਤਰ੍ਹਾਂ ਆਪ ਨੇ ਫੌਜੀ ਖੇਤਰ ਵਿਚ ਪੂਰਬੀ ਅਤੇ ਪੱਛਮੀ ਤਰੀਕਿਆਂ ਨੂੰ ਸੰਬੰਧਤ ਕਰਕੇ ਫੌਜੀ ਉੱਨਤੀ ਕੀਤੀ ਸੀ, ਅਤੇ ਇਸੇ ਤਰ੍ਹਾਂ ਉਹ ਵਿਦਿਅਕ ਖੇਤਰ ਵਿਚ ਕਰਨਾਂ ਚਾਹੁੰਦੇ ਸਨ। ਸ਼ਾਹਜ਼ਾਦਿਆਂ ਲਈ ਆਪ ਨੇ ਅੰਗਰੇਜ਼ੀ ਵਿਦਿਆ ਦਾ ਪਰਬੰਧ ਕੀਤਾ। ਕੰਵਰ ਸ਼ੇਰ ਸਿੰਘ ਦੇ ਦਸਖਤ ਅੰਗਰੇਜ਼ੀ ਵਿਚ ਕੀਤੇ ਮਿਲਦੇ ਸਨ। ਕੰਵਰ ਪ੍ਰਤਾਪ ਸਿੰਘ ਬਹੁਤ ਸੋਹਣੀ ਅੰਗਰੇਜ਼ੀ ਬੋਲ ਸਕਦਾ ਸੀ, ਪਰ ਸਿੱਖ ਰਾਜ ਦੇ ਅੰਤ ਨਾਲ ਇਹ ਸਭ ਕੁਝ ਖਤਮ ਹੋ ਗਿਆ।

## ਈਸਾਈ ਮਿਸ਼ਨਰੀਆਂ ਦੀਆਂ ਸਰਗਰਮੀਆਂ :

ਪੰਜਾਬ ਵਿਚ ਅੰਗਰੇਜ਼ੀ ਸਰਕਾਰ ਦੇ ਆਉਣ ਨਾਲ ਈਸਾਈ ਮਿਸ਼ਨਰੀਆਂ ਨੇ ਆਪਣੀਆਂ ਧਾਰਮਿਕ ਸਰਗਰਮੀਆਂ ਤੇਜ਼ ਕਰ ਦਿੱਤੀਆਂ ਤੇ 1853 ਵਿਚ ਅੰਮ੍ਰਿਤਸਰ ਵਿਚ ਇਕ ਮਿਸ਼ਨ ਸਕੂਲ ਖੋਲ੍ਹਿਆ। 1854 ਵਿਚ ਪੰਜਾਬ ਸਰਕਾਰ ਨੇ ਵਿਦਿਅਕ ਮਹਿਕਮਾ ਸਥਾਪਤ ਕਰ ਦਿਤਾ। ਅੰਗਰੇਜ਼ੀ ਸਰਕਾਰ ਮਿਸ਼ਨਰੀਆਂ ਵਲੋਂ ਚਲਾਏ ਸਕੂਲਾਂ ਦੀ ਸਹਾਇਤਾ ਕਰਨ ਵਿਚ ਸਦਾ ਤਤਪਰ ਰਹਿੰਦੀ ਸੀ। ਸਰ ਜਾਨ ਲਾਰੰਸ ਜਿਹੜੇ ਕਿ ਪੰਜਾਬ ਵਿਚ ਪਹਿਲਾਂ ਰੈਜ਼ੀਡੈਂਟ ਫਿਰ ਬੋਰਡ ਆਫ ਐਡਮਨਿਸਟਰੇਸ਼ਨ ਦੇ ਮੈਂਬਰ ਸਨ, ਆਪਣੀ ਜੇਬ ਵਿਚੋਂ ਪੰਜ ਸੌ ਰੁਪਿਆ ਸਲਾਨਾ ਮਿਸ਼ਨ ਨੂੰ ਦਿਆ ਕਰਦੇ ਸਨ। ਇਸੇ ਸਬੰਧ ਵਿਚ ਮਹਾਰਾਜਾ ਦਲੀਪ ਸਿੰਘ ਦੀ ਪੈਨਸ਼ਨ ਵਿਚੋਂ 500/- ਰੁਪੈ ਸਲਾਨਾ ਸ੍ਰੀ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਨੂੰ ਦਿੱਤੇ ਜਾਂਦੇ ਸਨ।

1873 ਈ: ਦੇ ਆਰੰਭ ਵਿਚ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਨੇ, ਜਿਨ੍ਹਾਂ ਦੇ ਨਾਂ, ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਸਨ, ਨੇ ਈਸਾਈ ਹੋਣ ਦੀ ਇੱਛਾ ਪਰਗਟ ਕੀਤੀ। ਉਸ ਸਮੇਂ ਸਿੱਖਾਂ ਨੂੰ ਖਾਲਸਾ ਸਕੂਲਾਂ ਦੀ ਭਾਰੀ ਲੋੜ ਪਰਤੀਤ ਹੋਈ ਇਹ ਉਹ ਸਮਾਂ ਸੀ ਜਦੋਂ ਸਿਖਾਂ ਦੀ ਹਾਲਤ ਦਿਨ ਬਦਿਨ ਵਿਗੜਦੀ ਜਾ ਰਹੀ ਸੀ।

## ਗੌਰਮਿੰਟ ਸਕੂਲਾਂ ਦਾ ਖੁਲ੍ਹਣਾ :

1858 ਵਿੱਚ ਪੰਜਾਬ ਸਰਕਾਰ ਨੇ ਗੌਰਮਿੰਟ ਸਕੂਲ ਖੋਲਣੇ ਆਰੰਭ ਕੀਤੇ। ਉਸ ਵੇਲੇ ਈਸਾਈ ਮਿਸ਼ਨਰੀਆਂ ਨੇ ਗੌਰਮਿੰਟ ਪਾਸੋਂ ਮੰਗ ਕੀਤੀ ਕਿ ਸਰਕਾਰੀ ਸਕੂਲਾਂ ਵਿਚ ਈਸਾਈ ਧਰਮ ਦਾ ਪਰਚਾਰ ਹੋਣਾ ਚਾਹੀਦਾ ਹੈ। ਪਰ ਸਰਕਾਰ 1857 ਵਾਲੇ ਗਦਰ ਦੇ ਹਾਲਾਤ ਤੋਂ ਭੈ-ਭੀਤ ਹੋ ਚੁੱਕੀ ਸੀ, ਇਸ ਲਈ ਮਿਸ਼ਨਰੀਆਂ ਦੀ ਇਹ ਮੰਗ ਪੂਰੀ ਨਾ ਹੋ ਸਕੀ। ਇਸ ਦੇ ਉਲਟ ਹੰਟਰ ਕਮਿਸ਼ਨ, ਜਿਸ ਨੂੰ ਕਿ 1882-83 ਵਿਚ ਵਿਦਿਅਕ ਮਸਲਿਆਂ ਦੀ ਪੜਤਾਲ ਲਈ ਸਰਕਾਰ ਵਲੋਂ ਨੀਯਤ ਕੀਤਾ ਗਿਆ ਸੀ, ਨੇ ਸਪੱਸ਼ਟ ਅੱਖਰਾਂ ਵਿਚ ਲਿਖਿਆ :-

"ਵਧ ਰਹੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਨ ਲਈ ਹਿੰਦ ਵਾਸੀਆਂ ਦਾ ਆਪੇ ਆਪਣੀਆਂ ਵਿਦਿਅਕ ਸੰਸਥਾਵਾਂ ਪੈਦਾ ਕਰਨਾ ਹੀ ਸਭ ਤਰੀਕਿਆਂ ਨਾਲੋਂ ਮਹੱਤਤਾ ਪੂਰਨ ਸਾਧਨ ਹੈ।"

ਇਸ ਤਰ੍ਹਾਂ ਸਰਕਾਰ ਦੀ ਸਹਾਇਤਾ ਨਾਲ ਪ੍ਰਾਈਵੇਟ ਸਕੂਲ ਤੇ ਕਾਲਜ ਖੁਲ੍ਹਣੇ ਅਰੰਭ ਹੋ ਗਏ ਤੇ ਈਸਾਈ ਮਿਸ਼ਨਰੀਆਂ ਦੇ ਨਾਲ ਨਾਲ ਕੌਮੀ ਸਕੂਲ ਵੀ ਖੁਲ੍ਹਣ ਲਗੇ।

1865 ਵਿਚ ਡਾਕਟਰ ਲਾਇਟਨਰ ਦੇ ਯਤਨਾਂ ਨਾਲ ਅੰਜਮਨ ਪੰਜਾਬ ਦੀ ਅਸਥਾਪਤ ਹੋਈ। 1868 ਵਿਚ ਪੰਜਾਬ ਯੂਨੀਵਰਸਿਟੀ ਕਾਲਜ ਤੇ 1875 ਵਿਚ ਓਰੀਐਂਟਲ ਕਾਲਜ ਖੁਲ੍ਹਿਆ। 1882 ਵਿਚ ਪੰਜਾਬ ਯੂਨੀਵਰਸਿਟੀ ਅਸਥਾਪਤ ਹੋਈ। ਇਹਨਾਂ ਸੰਸਥਾਵਾਂ ਨੇ ਸਿੱਖਾਂ ਦੀਆਂ ਵਿਦਿਅਕ ਲਹਿਰਾਂ ਨੂੰ ਵਧੇਰੇ ਉਤਸ਼ਾਹਤ ਤੇ ਉਤੇਜਤ ਕੀਤਾ।

## ਮੁਸਲਿਮ ਵਿਦਿਅਕ ਲਹਿਰ :

ਇਸੇ ਕਾਲ ਵਿਚ ਸਿਆਸੀ ਯਤਨਾਂ ਦੀ ਅਸੰਭਵਤਾ ਵੇਖ ਕੇ ਮੁਸਲਮਾਨਾਂ ਨੇ ਕੌਮ ਨੂੰ ਅਧੋਗਤੀ ਵਲ ਜਾਣ ਤੋਂ ਰੋਕਣ ਦਾ ਰਾਹ ਵਿਦਿਅਕ ਅੰਦੋਲਨ ਨੂੰ ਹੀ ਜਾਤਾ। ਇਸੇ ਕਾਰਨ 1870 ਦੇ ਲਗਭਗ ਸਰ ਸਯਦ ਅਹਿਮਦ ਅਤੇ ਉਹਨਾਂ ਦੇ ਸਾਥੀਆਂ ਦੇ ਯਤਨਾਂ ਨਾਲ ਮੁਸਲਮਾਨਾਂ ਪ੍ਰਤੀ ਪੱਛਮੀ ਵਿਦਿਆ ਦਾ ਕੇਂਦਰ ਅਲੀਗੜ ਕਾਲਜ ਕਾਇਮ ਕੀਤਾ ਜੋ ਪਿਛੋਂ ਯੂਨੀਵਰਸਿਟੀ ਦਾ ਰੂਪ ਧਾਰਨ ਕਰ ਗਿਆ। 19ਵੀਂ ਸਦੀ ਦੇ ਅੰਤ ਵਿਚ ਸਿੱਖਾਂ ਅਤੇ ਮੁਸਲਮਾਨਾਂ ਦੀ ਦਸ਼ਾ ਸਮਾਨ ਸੀ। ਇਹ ਦੋਵੇਂ ਨਿਮੋਂ ਝੂਣੇ ਸਨ। 1873 ਵਿਚ ਸਿੰਘ ਸਭਾ ਲਹਿਰ ਜਾਰੀ ਹੋਈ। ਸਿੱਖ ਭਾਵੇਂ ਵਧੇਰੇ ਪ੍ਰਾਕਰਮੀ ਸਨ ਤਾਂ ਵੀ ਸਹੀ ਡਗਰ ਸਾਹਮਣੇ ਨਾ ਹੋਣ ਕਰਕੇ ਉਹਨਾਂ ਦੀ ਕੌਮੀਅਤ ਕਿਸੇ ਪਰਕਾਰ ਉਭਰ ਨਾ ਸਕੀ। ਸਿੱਖਾਂ ਨੇ ਵੀ ਉਹੋ ਪੱਖ ਅਪਣਾਇਆ ਜੋ ਮੁਸਲਮਾਨਾਂ ਨੇ ਚੁਣਿਆ ਸੀ, ਭਾਵ ਵਿਦਿਅਕ ਅਤੇ ਸੰਸਕ੍ਰੀਤਕ ਜਾਗਿਰਤੀ ਦਾ ਸਿਖਾਂ ਵਿਚ ਜਾਗਿਰਤੀ ਵਿਦਿਅਕ ਪੱਖ ਤੋਂ ਤੇਜ਼ੀ ਨਾਲ ਅਗੇ ਵਧੀ।

## ਸਿੱਖ ਵਿਦਿਅਕ ਲਹਿਰ :

1877 ਵਿਚ ਆਰੀਆ ਸਮਾਜ ਲਹਿਰ ਜਾਰੀ ਹੋਈ ਜਿਸ ਦੇ ਫਲਸਰੂਪ ਡੀ. ਏ. ਵੀ. ਕਾਲਜ ਦੀ ਨੀਂਹ 1887 ਵਿਚ ਰਖੀ ਗਈ। ਇਸੇ ਸਮੇਂ ਸਿੰਘ ਸਭਾ ਲਹਿਰ ਨੇ ਸਿੱਖ ਸੰਗਤਾਂ ਵਿਚ ਵਿਦਿਆ ਪ੍ਰਚਾਰ ਦਾ ਨਿਘਾ ਹਿਸਾ ਪਾਇਆ।

1892 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦਾ ਨੀਂਹ ਪੱਥਰ ਰਖਿਆ ਗਿਆ, 1902 ਵਿਚ ਖਾਲਸਾ ਦੀਵਾਨ ਲਾਹੌਰ ਅਤੇ ਖਾਲਸਾ ਦੀਵਾਨ ਅੰਮ੍ਰਿਤਸਰ ਨੂੰ ਮਿਲਾ ਕੇ ਚੀਫ਼ ਖ਼ਾਲਸਾ ਦੀਵਾਨ ਦੀ ਨੀਂਹ ਰਖੀ ਗਈ ਤੇ ਵਿਦਿਆ ਪ੍ਰਚਾਰ ਲਈ ਸਾਂਝੇ ਯਤਨ ਆਰੰਭ ਹੋਏ। ਸਿੱਖਾਂ ਵਿਚ ਵਿਦਿਆ ਦੀ ਘਾਟ ਨੂੰ ਮਹਿਸੂਸ ਕਰਦਿਆਂ 1908 ਵਿਚ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਸਾਜਨਾਂ ਕੀਤੀ ਗਈ ਤੇ ਇਸ ਦੇ ਪਰਬੰਧ ਲਈਐਜੂਕੇਸ਼ਨਲ ਕਮੇਟੀ ਵੀ ਕਾਇਮ ਕੀਤੀ ਗਈ।

## ਚੀਫ਼ ਖ਼ਾਲਸਾ ਦੀਵਾਨ ਅਤੇ ਐਜੂਕੇਸਨਲ ਕਮੇਟੀ ਦੀ ਸਾਜਨਾਂ :

ਚੀਫ਼ ਖ਼ਾਲਸਾ ਦੀਵਾਨ ਨੇ ਪਹਿਲੀ ਵਾਰੀ ਨਵੀਂ ਚੇਤਨਤਾ, ਨਵੀਂ ਸਾਹਿਤਕ ਦ੍ਰਿਸ਼ਟੀ ਤੇ ਨਵੀਂ ਵਿਗਿਆਨਕ ਦ੍ਰਿਸ਼ਟੀ ਨਾਲ ਪੰਜਾਬੀ ਨੂੰ ਉਸਾਰਨ, ਨਿਖਾਰਣ ਤੇ ਪ੍ਰਚਾਰਨ ਦਾ ਬੀੜਾ ਚੁਕਿਆ। ਪੰਜਾਬੀ ਬੋਲੀ ਦੀ ਸਾਹਿਤਕ ਪੱਧਰ ਸਿਧ ਕਰਨ ਲਈ ਪੰਜਾਬੀ ਨੂੰ ਦੇਸ਼ ਵਿਚ ਉਸ ਦੀ ਅਸਲੀ ਥਾਂ ਦਿਵਾਉਣ ਲਈ ਹਰ ਸਾਲ ਚੀਫ਼ ਖ਼ਾਲਸਾ ਦੀਵਾਨ ਨੇ ਵਿਦਿਅਕ ਕਾਨਫ੍ਰੰਸ ਕਰਾਉਣ ਦੀ ਪਰੰਪਰਾ ਆਰੰਭੀ ਕਿਉਂਕਿ ਉਸ ਸਮੇਂ ਪੰਜਾਬੀ ਨੂੰ ਇਕ ਗਵਾਰੀ, ਜੱਟਕੀ ਤੇ ਘਟੀਆ ਬੋਲੀ ਸਮਝਿਆ ਜਾਂਦਾ ਸੀ ਅਤੇ ਚੰਗੇ ਲਿਖਾਰੀ ਬ੍ਰਿਜ ਭਾਸਾ ਵਿਚ ਲਿਖਦੇ ਸਨ।

ਉਨੀਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਖਾਲਸਾ ਦੀਵਾਨ ਲਾਹੌਰ ਤੇ ਖਾਲਸਾ ਦੀਵਾਨ, ਅੰਮ੍ਰਿਤਸਰ ਆਪਸ ਵਿਚ ਇਕ ਦੂਜੇ ਤੇ ਦੂਸ਼ਨ ਲਾਉਂਦੇ ਸਨ ਜਿਸ ਕਾਰਨ ਸਮੁੱਚੇ ਪੰਥ ਨੂੰ ਹਾਨੀ ਹੁੰਦੀ ਸੀ। ਪਹਿਲਾਂ ਖਾਲਸਾ ਦੀਵਾਨ ਲਾਹੌਰ ਚੜ੍ਹਦੀਆਂ ਕਲਾਂ ਵਿਚ ਸੀ, ਪਰ ਸਰਦਾਰ ਅਤਰ ਸਿੰਘ ਜੀ ਭਦੌੜ ਤੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਦਿਹਾਂਤ ਨਾਲ ਖਾਲਸਾ ਦੀਵਾਨ ਲਾਹੌਰ ਦੀ ਹਾਲਤ ਡਾਵਾਂਡੋਲ ਹੋ ਗਈ। ਇਸ ਸਮੇਂ ਬਹੁਤ ਸਾਰੀਆਂ ਸਿੰਘ ਸਭਾਵਾਂ ਖਾਲਸਾ ਦੀਵਾਨ ਲਾਹੌਰ ਨਾਲ ਸਬੰਧਤ ਸਨ ਤੇ ਬਹੁਤ ਸਾਰੀਆਂ ਖਾਲਸਾ ਦੀਵਾਨ ਅੰਮ੍ਰਿਤਸਰ ਨਾਲ। ਇਸ ਤਰ੍ਹਾਂ ਦੋਹਾਂ ਸੰਸਥਾਵਾਂ ਦੀ ਵਿਰੋਧਤਾ ਸਾਰੇ ਸਿਖਾਂ ਲਈ ਬੜੀ ਹਾਨੀਕਾਰਕ ਸੀ। ਇਸ ਸਮੇਂ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ, ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਸਰਦਾਰ ਹਰਬੰਸ ਸਿੰਘ ਜੀ ਅਟਾਰੀ, ਸਰਦਾਰ ਤਰਲੋਚਨ ਸਿੰਘ ਜੀ ਅਤੇ ਰਾਏ ਬਹਾਦਰ ਸਾਧੂ ਸਿੰਘ ਜੀ ਆਦਿ ਪੰਥ ਦਰਦੀਆਂ ਨੇ ਉਦਮ ਉਪਰਾਲੇ ਕਰਕੇ ਇਨ੍ਹਾਂ ਦੋਹਾਂ ਖਾਲਸਾ ਦੀਵਾਨਾਂ ਨੂੰ ਇਕੱਠਿਆਂ ਕੀਤਾ ਅਤੇ ਖਾਲਸਾ ਜੀ ਦੀ ਇਕ ਕੇਂਦਰੀ ਜਥੇਬੰਦੀ "ਚੀਫ਼ ਖਾਲਸਾ ਦੀਵਾਨ ਦੀ ਸਾਜਨਾ 30 ਅਕਤੂਬਰ 1902 ਨੂੰ ਕੀਤੀ।

ਹੁਣ ਤੱਕ ਜਿੰਨੇ ਵੀ ਖਾਲਸਾ ਸਕੂਲ ਜਾਂ ਸਿਖ ਕੰਨਿਆਂ ਪਾਠਸ਼ਾਲਾਵਾਂ ਖੁਲ੍ਹੀਆਂ ਸਨ, ਉਹ ਕੇਵਲ ਸਥਾਨਕ ਸਿੰਘ ਸਭਾਵਾਂ ਦੇ ਉੱਦਮ ਜਾਂ ਵਿਸ਼ੇਸ਼ ਹਾਲਤਾਂ ਵਿਚ ਪਰਉਪਕਾਰੀ ਸੱਜਣਾਂ ਦੀ ਲਗਨ ਤੇ ਸੇਵਾ ਦਾ ਹੀ ਸਿੱਟਾ ਸਨ। ਸਿੱਖਾਂ ਦੀ ਕੋਈ ਸੰਸਥਾ ਨਹੀਂ ਸੀ ਜਿਹੜੀ ਵਿਦਿਅਕ ਖੇਤਰ ਵਿਚ ਸਕੂਲ ਖੋਲ੍ਹਣ ਦੀ ਸਹਾਇਤਾ ਕਰਦੀ ਜਾਂ ਖੁਲ੍ਹ ਰਹੇ ਨਵੇਂ ਨਵੇਂ ਸਕੂਲਾਂ ਦੀਆਂ ਮਾਇਕ ਲੋੜਾਂ ਨੂੰ ਪੂਰਾਂ ਕਰਦੀ ਜਾਂ ਪੂਰਾ ਕਰਨ ਵਿਚ ਅਗਵਾਈ ਕਰਦੀ। ਇਕ ਕੇਂਦਰੀ ਸਿੱਖ ਸੰਸਥਾ ਦੀ ਲੋੜ ਅਨੁਭਵ ਹੋ ਰਹੀ ਸੀ। 1907 ਦੀਆਂ ਵੱਡੇ ਦਿਨਾਂ ਦੀਆਂ ਛੁਟੀਆਂ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਕੁਝ ਮੁਖੀਏ ਪਰਚਾਰ ਲਈ ਕਰਾਂਚੀ ਗਏ ਤੇ ਉਥੇ ਉਨ੍ਹਾਂ ਨੇ ਮੁਸਲਿਮ ਐਜੂਕੇਸ਼ਨਲ ਕਾਨਫ੍ਰੰਸ ਦਾ ਸਮਾਗਮ ਵੇਖਿਆ। ਉਸ ਤੋਂ ਪ੍ਰਭਾਵਿਤ ਹੋ ਕੇ ਸਰ ਸੁੰਦਰ ਸਿੰਘ ਜੀ ਮਜੀਠੀਏ ਨੇ ਉਸੇ ਤਰ੍ਹਾਂ ਦੀ ਵਿਦਿਆ ਪ੍ਰਚਾਰ ਲਈ ਕੇਂਦਰੀ ਸੰਸਥਾ ਕਾਇਮ ਕਰਨ ਦਾ ਨਿਸਚਾ ਕਰ ਲਿਆ।

ਸਿੰਧ ਪਰਚਾਰ ਤੋਂ ਵਾਪਸ ਆਉਂਦੀਆਂ ਹੀ ਆਪ ਨੇ 19 ਜਨਵਰੀ 1908 ਨੂੰ ਆਪਣੀ ਕੋਠੀ ਵਿਚ ਚੋਣਵੇਂ ਪੰਥ ਸੇਵਕਾਂ ਦੀ ਇਕੱਤਰਤਾ ਬੁਲਾਈ ਪਰ ਨਾਂ ਸਜਨਾਂ ਨੇ ਦਰਸ਼ਨ ਦਿਤੇ। ਜਿਸ ਦੀ ਪਰਧਾਨਗੀ ਸ: ਤਿਰਲੋਚਨ ਸਿੰਘ ਜੀ ਨੇ ਕੀਤੀ। ਇਸ ਇਕੱਤਰਤਾ ਦੇ ਸਕੱਤਰ ਭਾਈ ਜੋਧ ਸਿੰਘ ਜੀ ਸਨ। ਉਸ ਜਥੇਬੰਦੀ ਦੇ ਨਿਯਮਾਂ ਦਾ ਖਰੜਾ ਤਿਆਰ ਕਰਨ ਹਿਤ

ਹੇਠ ਲਿਖੇ ਸਜਨਾਂ ਦੀ ਸਬ-ਕਮੇਟੀ ਸਥਾਪਤ ਕੀਤੀ ਗਈ, ਜਿਸ ਨੇ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਅਤੇ ਐਜੂਕੇਸ਼ਨਲ ਕਮੇਟੀ, ਚੀਫ ਖ਼ਾਲਸ ਦੀਵਾਨ ਦੀ ਬਣਤਰ ਦਾ ਖਰੜਾ ਤਿਆਰ ਕੀਤਾ।

1) ਸਰਦਾਰ ਗੁਰਚਰਨ ਸਿੰਘ ਜੀ ਬੈਰਿਸਟਰ ਲਾਹੌਰ।
2) ਸਰਦਾਰ ਖੜਕ ਸਿੰਘ ਜੀ ਪਲੀਡਰ ਲਾਹੌਰ।
3) ਭਾਈ ਦਾਨ ਸਿੰਘ ਜੀ ਬੀ. ਏ. ਲਾਹੌਰ।
4) ਭਾਈ ਜੋਧ ਸਿੰਘ ਜੀ ਐਮ. ਏ. ਅੰਮ੍ਰਿਤਸਰ।
5) ਬਾਬਾ ਗੁਲਾਬ ਸਿੰਘ ਜੀ ਗੁਜਰਾਂਵਾਲਾ।

ਨਿਯਮ ਛਪਵਾ ਕੇ ਪਤਵੰਤੇ ਸੱਜਨਾਂ ਅਤੇ ਸਿੰਘ ਸਭਾਵਾਂ ਨੂੰ ਭੇਜੇ ਗਏ, ਜੋ ਇਤਰਾਜ਼ ਆਏ ਉਹਨਾਂ ਪੁਰ ਵਿਚਾਰ ਕਰਕੇ ਨਿਯਮ ਪ੍ਰਵਾਨ ਕੀਤੇ ਗਏ। ਸ: ਸੁੰਦਰ ਸਿੰਘ ਜੀ ਮਜੀਠਾ ਨੇ ਸਮਾਗਮ ਦਾ ਉਦੇਸ਼ ਦੱਸਿਆ ਤੇ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਆਰੰਭ ਕੀਤੀ ਜਾਏ। ਇਸ ਦਾ ਮੁਖ ਉਦੇਸ਼ ਸਿੱਖਾਂ ਨੂੰ ਵਿਦਿਆ ਦਾ ਪ੍ਰਚਾਰ ਕਰਨਾ, ਵੱਖਰੇ ਵੱਖਰੇ ਥਾਵਾਂ ਤੇ ਸਮਾਗਮ ਕਰਕੇ ਸਿੱਖ ਸੰਗਤਾਂ ਨੂੰ ਸਕੂਲ, ਕਾਲਜ ਖੋਲ੍ਹਣ ਲਈ ਪਰੇਰਨਾ ਦੇਣੀ ਸੀ। ਪੰਜਾਬੀ ਦਾ ਪ੍ਰਚਾਰ ਤੇ ਸਿੱਖ ਆਸ਼ੇ ਅਨੁਸਾਰ ਵਿਦਿਆ ਦੀ ਪ੍ਰਾਪਤੀ ਲਈ ਪਰਚਾਰ, ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜਾਉਣ ਦਾ ਪਰਬੰਧ ਕਰਾਉਣਾ, ਅਤੇ ਪੰਜਾਬ ਸਰਕਾਰ ਦੇ ਵਿਦਿਅਕ ਮਹਿਕਮੇ ਵਲੋਂ ਜੋ ਸਹੂਲਤਾਂ ਪ੍ਰਾਈਵੇਟ ਸਕੂਲਾਂ ਨੂੰ ਮਿਲਦੀਆਂ ਸਨ, ਉਹਨਾਂ ਦੀ ਪ੍ਰਾਪਤੀ ਲਈ ਯਤਨ ਕਰਨਾ ਸੀ।

## ਸਿੱਖ ਜਾਗ੍ਰਿਤੀ ਦੀ ਲਹਿਰ :

ਸਿੱਖ ਵਿਦਿਅਕ ਲਹਿਰ ਨੇ ਜਿਥੇ ਕੌਮ ਵਿਚ ਵਿਦਿਆ ਦੇ ਪਸਾਰ ਲਈ ਅਦੁੱਤੀ ਵਾਧਾ ਕੀਤਾ ਉਸ ਦੇ ਨਾਲ ਨਾਲ ਸਿਆਸੀ ਜਾਗਿਰਤੀ ਵੀ ਲਿਆਂਦੀ। ਕਾਨਫ੍ਰੰਸ ਨੇ ਵਿਦਿਅਕ ਅਤੇ ਧਰਮ ਪਰਚਾਰ ਦੇ ਨਾਲ ਨਾਲ ਆਪਣੇ ਪਾਵਨ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਤਨ ਮਨ ਧੰਨ ਦੀਆਂ ਕੁਰਬਾਨੀਆਂ ਦੇਣ ਅਤੇ ਸ਼ਹੀਦੀਆਂ ਪਾਉਣ ਵਾਲੀ ਲਹਿਰ ਨੂੰ ਵੀ ਜਨਮ ਦਿਤਾ। ਇਹ ਕੌਮੀ ਏਕਤਾ ਦੇ ਅਜਿਹੇ ਇਕੱਠ ਸਨ ਜਿਨ੍ਹਾਂ ਕਰਕੇ ਹਰ ਸਾਲ ਜਿਥੇ ਵੀ ਕਾਨਫ੍ਰੰਸ ਹੁੰਦੀ ਰਹੀ ਉਥੇ ਸਕੂਲ/ਕਾਲਜ ਲੜਕਿਆਂ ਅਤੇ ਲੜਕੀਆਂ ਲਈ ਖੁਲ੍ਹਦੇ ਰਹੇ ਅਤੇ ਕਈ ਅਧਿਆਪਕ ਆਪਣੇ ਸ਼ਾਗਿਰਦਾਂ ਨੂੰ ਜਾਗ ਲਗਾ ਕੇ ਅਕਾਲੀ ਅੰਦੋਲਨ ਵਿਚ ਕੁਦ ਪੈਂਦੇ ਅਤੇ ਸਿਰਫ ਆਪਣੇ ਦੇਸ਼ ਵਿਚ ਹੀ ਨਹੀਂ ਸਗੋਂ ਸਾਰੇ ਵਿਸ਼ਵ ਵਿਚ ਸਿੱਖ ਸ਼ਹੀਦੀਆਂ ਦੀ ਇਕ ਅਦੁੱਤੀ ਕੁਰਬਾਨੀ ਦੀ ਧਾਕ ਪੈ ਗਈ। ਜਲਿਆਂ ਵਾਲਾ ਬਾਗ ਅਤੇ ਨਨਕਾਣਾ ਸਾਹਿਬ ਦੇ ਸਾਕੇ ਇਸੇ ਜਾਗ੍ਰਿਤੀ ਦੇ ਪ੍ਰਤੀਕ ਸਨ।

28ਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਜੋ ਅਕਤੂਬਰ 1939 ਵਿਚ ਸਿਆਲਕੋਟ ਵਿਖੇ ਹੋਈ ਉਸ ਵਿਚ ਸਿਖਾਂ ਪੁਰ ਅੰਗਰੇਜ਼ ਸਰਕਾਰ ਵਲੋਂ ਕੀਤੇ ਗਏ ਵਿਤਕਰਿਆਂ ਬਾਰੇ ਚਰਚਾ ਹੋਈ ਅਤੇ ਹੱਕਾਂ ਦੀ ਮੰਗ ਕੀਤੀ ਅਤੇ ਮਹਾਰਾਜਾ ਸਾਹਿਬ ਪਟਿਆਲਾ ਪਾਸ ਦਰਖਾਸਤ ਕੀਤੀ ਕਿ ਉਹ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੂੰ ਸੁਰੱਖਿਅਤ ਕਰਾਉਣ ਵਿਚ ਅਤੇ ਰਖਣ ਵਿਚ ਵਧੇਰੇ ਧਿਆਨ ਦੇਣ ਅਤੇ ਮੰਗ ਕੀਤੀ ਗਈ ਕਿ ਉਹ ਸਰਕਾਰ ਤੋਂ ਸਿੱਖਾਂ ਦੀ ਅੱਡਰੀ ਹਸਤੀ ਨੂੰ ਮਨਾਉਣ, ਯੋਗ ਪ੍ਰਤੀਨਿਧਤਾ ਦਿਵਾਉਣ, ਬਰਾਬਰ ਹਕੂਕ ਦਿਤੇ ਜਾਣ, ਸੈਂਟ੍ਰਲ ਤੇ ਆਲ ਇੰਡੀਆ ਸਰਵਿਸਜ਼ ਵਿਚ ਜਾਇਜ਼ ਤੌਰ ਤੇ ਵਾਧਾ ਕੀਤਾ ਜਾਵੇ, ਫੌਜ ਵਿਚ 1914 ਤੋਂ ਪਹਿਲਾਂ ਵਾਲੀ ਹੈਸੀਅਤ ਬਰਕਰਾਰ ਰਖੀ ਜਾਵੇ ਤੇ ਆਰਮੀ ਟੈਰੀਟੋਰੀਅਲ ਸਰਵਿਸਜ਼ ਵਿਚ ਅਪਣਾ ਵਖਰਾ ਸੈਕਸ਼ਨ ਰਖਿਆ ਜਾਵੇ ਤੇ ਉਚੀਆਂ ਪਦਵੀਆਂ ਉਸੇ ਨਿਸਬਤ ਨਾਲ ਹੋਣ। ਆਪਣੇ ਰਸਮਾਂ, ਰਿਵਾਜ਼ਾਂ ਤੇ ਤਿਉਹਾਰਾਂ ਨੂੰ ਮਨਾਉਣ ਦੀ ਖੁਲ੍ਹ ਹੋਵੇ ਅਤੇ ਸਿੱਖ ਰਿਆਸਤਾਂ ਦੀ ਗੱਦੀ ਪੁਰ ਉਹੀ ਜਾਂ-ਨਸ਼ੀਨ ਹੋਣ ਜੋ ਅੰਮ੍ਰਿਤਧਾਰੀ ਸਿੱਖ ਹੋਣ ਅਤੇ ਜਦ ਤੱਕ ਉਹ ਗੱਦੀ ਤੇ ਬੈਠੇ ਰਹਿਣ ਇਸੇ ਦਸ਼ਾ ਵਿਚ ਰਹਿਣਾ।

## ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ :

1947 ਤੱਕ ਭਾਰਤ ਦੀ ਵੰਡ ਤੋਂ ਪਹਿਲਾਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਕਾਰਜ ਖੇਤਰ ਸਮੁੱਚੇ ਪੰਜਾਬ ਤੱਕ ਸੀਮਤ ਰਿਹਾ, ਵੰਡ ਉਪਰੰਤ ਜਿਵੇਂ ਜਿਵੇਂ ਸਿੱਖਾਂ ਨੇ ਆਪਣੇ ਸਾਹਸ ਅਤੇ ਮਿਹਨਤ ਨਾਲ ਭਾਰਤ ਦੇ ਹਰ ਕੋਨੇ ਆਪਣਾ ਬੋਲ ਬਾਲਾ ਕਰ ਲਿਆ ਤਾਂ ਉਹਨਾਂ ਦੇ ਮਸਲਿਆਂ ਨੂੰ ਸੁਲਝਾਉਣ ਅਤੇ ਨੇਪੇਰੇ ਚਾੜ੍ਹਨ ਲਈ, ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਨਾਮ ਵੀ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਰਖਿਆ ਗਿਆ। ਪੰਜਾਬ ਤੋਂ ਬਾਹਰ ਥਾਵਾਂ ਤੇ ਕਾਨਫ੍ਰੰਸ ਦੇ ਸਮਾਗਮ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਏ ਜਾਣ ਲਗ ਪਏ।

ਵਿਦਿਆ ਵਿਗਿਆਨ ਅਤੇ ਉਦਯੋਗ ਵਿਚ ਸਿਖ ਕਿਸੇ ਕੌਮ ਕੋਲੋਂ ਪਿਛੇ ਨਾ ਰਹਿੰਦੇ ਹੋਏ ਭਾਰਤ ਤੋਂ ਬਾਹਰ ਵਿਸ਼ਵ ਦੇ ਹੋਰ ਮੁਲਕਾਂ ਵਿਚ ਜਿਵੇਂ ਅਮਰੀਕਾ, ਕੈਨੇਡਾ, ਯੂਰਪ, ਰੂਸ ਅਤੇ ਦੱਖਣੀ ਮੁਲਕਾਂ ਵਿਚ ਵਸ ਗਏ ਅਤੇ ਉਹਨਾਂ ਨੇ ਆਪਣੀ ਮਿਹਨਤ ਮੁਸ਼ਕਤ ਅਤੇ ਦਲੇਰੀ ਨਾਲ ਸਿੱਖ ਕੌਮ ਦਾ ਨਾਂ ਉੱਚਾ ਕੀਤਾ। ਬਾਹਰਲੇ ਮੁਲਕਾਂ ਵਿਚ ਵਸਦੇ ਸਿਖਾਂ ਦੇ ਮਸਲਿਆਂ ਨੂੰ ਸੁਲਝਾਨ ਲਈ ਅਤੇ ਉਹਨਾਂ ਦੇਸ਼ਾਂ ਵਿਚ ਵਿਦਿਆ ਦਾ ਪਰਬੰਧ ਸਿਖੀ ਆਸ਼ਿਆਂ ਅਨੁਸਾਰ ਕਰਨ ਲਈ ਅੰਮ੍ਰਿਤਸਰ ਵਿਖੇ ਹੋਈ 1976 ਵਿਚ 53ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਸਮਾਗਮ ਤੇ ਕਾਨਫ੍ਰੰਸ ਨੇ ਕਾਨਫ੍ਰੰਸ ਨੂੰ ਇਕ ਅੰਤਰ-ਰਾਸ਼ਟਰੀ ਰੂਪ ਦਿਤੇ ਜਾਣ ਲਈ ਇਕ ਮਤਾ ਯੂ. ਕੇ. ਵਿਚ ਇਕ ਸਿਖ ਪਬਲਿਕ ਸਕੂਲ ਜਾਰੀ ਕਰਨ ਲਈ ਪਾਸ ਕੀਤਾ। ਯੂ. ਕੇ. ਦੇ ਸਿੰਘਾਂ ਨੇ ਵੀ ਕਾਨਫ੍ਰੰਸ ਦਾ ਸਮਾਗਮ ਉਥੇ ਰਖੇ ਜਾਣ ਲਈ ਸੱਦਾ ਦਿਤਾ।

ਚੰਡੀਗੜ੍ਹ ਵਿਖੇ ਹੋਈ 1931 ਵਿਚ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਪਰਧਾਨਗੀ ਸ: ਗੰਗਾ ਸਿੰਘ ਜੀ ਢਿਲੋਂ ਅਮਰੀਕਾ ਵਾਲੇ, ਜੋ ਸ੍ਰੀ ਨਨਕਾਣਾ ਸਾਹਿਬ ਫਾਉਂਡੇਸ਼ਨ, ਵਾਸ਼ਿੰਗਟਨ ਵਿਚ ਸਥਾਪਤ ਹੈ ਦੇ ਚੇਅਰਮੈਨ ਹਨ, ਨੂੰ ਸੌਂਪੀ ਗਈ। ਉਹਨਾਂ ਨੇ ਭਾਰਤ ਤੋਂ ਬਾਹਰ ਵਸਦੇ ਸਿੱਖਾਂ ਨੂੰ ਧਾਰਮਿਕ ਵਿਦਿਅਕ, ਸਭਿਆਚਾਰਕ ਅਤੇ ਹੋਰ ਸਬੰਧਤ ਵਿਸ਼ਿਆਂ ਬਾਰੇ ਜੋ ਔਕੜਾਂ ਪੇਸ਼ ਸਨ ਉਹਨਾਂ ਨੂੰ ਸੁਲਝਾਉਣ ਲਈ ਉਪਰਾਲੇ ਕੀਤੇ ਜਾਣ ਲਈ ਕਿਹਾ।

ਇਸ ਕਾਨਫ੍ਰੰਸ ਵਿਚ ਇਕ ਮਤਾ ਪਾਸ ਕੀਤਾ ਗਿਆ ਕਿ ਸਿਖਾਂ ਨੂੰ ਯੂ. ਐਨ. ਓ. ਵਿਚ ਐਸੋਸੀਏਟ ਮੈਂਬਰਸ਼ਿਪ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਹ ਮਤਾ ਨਿਰੋਲ ਭਾਰਤ ਤੋਂ ਬਾਹਰ ਵਸਣ ਵਾਲੇ ਦੇਸ਼ਾਂ ਦੇ ਵਸਨੀਕ ਸਿੰਘਾਂ ਨਾਲ ਸਬੰਧਤ ਸੀ ਜਿਨ੍ਹਾਂ ਨੂੰ ਉਥੋਂ ਦੇ ਕਾਨੂੰਨਾਂ ਅਨੁਸਾਰ ਸਮੇਂ ਸਮੇਂ ਧਾਰਮਿਕ ਅਤੇ ਸਭਿਆਚਾਰਕ ਤੌਰ ਤੇ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਜਿਵੇਂ ਦਸਤਾਰ ਤੇ ਪਾਬੰਦੀ ਸਮੇਂ ਕੇਸਾਂ ਦਾ ਧਾਰਨੀ ਹੋਣਾ, ਗੁਰਦੁਆਰਾ ਸਾਹਿਬ ਦੀ ਉਸਾਰੀ ਸਬੰਧੀ ਸਮਸਿਆਵਾਂ ਆਦਿ। ਭਾਰਤ ਵਿਚ ਵਸਣ ਵਾਲੇ ਜਾਂ ਭਾਰਤ ਸਰਕਾਰ ਦੂਸਰੇ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਲਈ ਪਾਬੰਧ ਹਨ ਇਸ ਲਈ ਬਾਹਰਲੇ ਮੁਲਕਾਂ ਵਿਚ ਵਸਦੇ ਖਾਲਸਾ ਜੀ ਨੂੰ ਉਹਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕਿਸੇ ਉੱਚ-ਅਦਾਲਤ ਜਾਂ ਸੰਸਥਾ ਵਿਚ ਨੁਮਾਇੰਦਗੀ ਜ਼ਰੂਰੀ ਹੈ ਤਾਂ ਕਿ ਇਹ ਸਮੱਸਿਆਵਾਂ ਹੱਲ ਹੁੰਦੀਆਂ ਰਹਿਣ ਇਸ ਲਈ ਇਹ ਮਤਾ ਬਿਦੇਸ਼ਾਂ ਦੇ ਨਾਗਰਿਕ ਖਾਲਸਾ ਜੀ ਵਲੋਂ ਹੀ ਰਖਿਆ ਗਿਆ ਸੀ, ਪਰ ਚੀਫ਼ ਖ਼ਾਲਸਾ ਦੀਵਾਨ ਨੇ ਆਪਣੇ ਆਪ ਨੂੰ ਇਸ ਮਤੇ ਤੋਂ ਡਿਸਐਸੋਸੀਏਟ ਕੀਤਾ ਕਿਉਂਕਿ ਇਹ ਵਿਦਿਅਕ ਕਮੇਟੀ ਦੇ ਘੇਰੇ ਵਿਚ ਨਹੀਂ ਸੀ ਆਉਂਦਾ। ਬਾਕੀ ਸਾਰੀਆਂ ਮੰਗਾਂ ਕੌਮ ਦੇ ਵੱਖ ਵੱਖ ਪਹਿਲੂਆਂ ਨਾਲ ਸਬੰਧਤ ਸਨ ਜਿਵੇਂ 53ਵੀਂ ਕਾਨਫ੍ਰੰਸ ਵਿਚ ਪਾਸ ਕੀਤੇ ਜਾ ਚੁਕੇ ਸਨ।

ਕਾਨਫ੍ਰੰਸ ਸਮਾਗਮਾਂ ਵਿਚ ਪਾਸ ਕੀਤੇ ਮਤਿਆਂ ਨੂੰ ਅਮਲੀ ਰੂਪ ਦੇਣ ਦੇ ਸਿਟੇ ਵਜੋਂ ਹੀ ਪੰਜਾਬ ਵਿਚ ਪੰਜਾਬੀ ਨੂੰ ਪ੍ਰਥਮ ਸਥਾਨ ਦਿਤਾ ਗਿਆ। ਪੰਜਾਬੀ ਮਾਧਿਅਮ ਰਾਹੀਂ ਪੰਜਾਬੀ ਸਕੂਲਾਂ ਅਤੇ ਕਾਲਜਾਂ ਵਿਚ ਜਾਰੀ ਕੀਤੀ ਗਈ। ਇਸੇ ਦੀ

ਅਗਵਾਈ ਹੇਠ ਹੀ ਸਕੂਲਾਂ/ਕਾਲਜਾਂ ਵਿਚ ਸਰਕਾਰੀ ਸਹਾਇਤਾ, ਬੱਚਿਆਂ ਲਈ ਵਜ਼ੀਫੇ, ਸਿੱਖ ਹਕਾਂ ਦੀ ਰਾਖੀ ਤੇ ਸਿਖਾਂ ਦੀਆਂ ਔਕੜਾਂ ਦੇ ਹਲ ਲਭਦੇ ਰਹੇ ਹਨ । ਉਹਨਾਂ ਸਬੰਧੀ ਅਵਾਜ਼ ਉਠਾਈ ਜਾਂਦੀ ਸੀ ਤੇ ਉਪਰਾਲੇ ਕੀਤੇ ਜਾਂਦੇ ਹਨ । ਸਿੱਖ ਸਕੂਲਾਂ ਅਤੇ ਕਾਲਜਾਂ ਨੂੰ ਸਰਕਾਰ ਦੇ ਹਵਾਲੇ ਕਰ ਦੇਣ ਦੀ ਜੋ ਲਹਿਰ ਚਲੀ ਇਸ ਕਾਨਫ੍ਰੰਸ ਦੇ ਯਤਨਾਂ ਸਦਕਾ ਉਸ ਵਿਚ ਠਲ੍ਹ ਪੈ ਗਈ । ਅਜੋਕੇ ਮੁਕਾਬਲੇ ਦੇ ਯੁਗ ਵਿਚ ਸਿੱਖ ਬੱਚਿਆਂ ਨੂੰ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਲਈ ਅਤੇ ਆਪਣੇ ਧਰਮ ਵਿਚ ਪਰਪਕ ਕਰਨ ਲਈ ਸਿੱਖ ਪਬਲਿਕ ਸਕੂਲਾਂ ਦੀ ਲਹਿਰ ਚਲਾਈ, ਜੋ ਬੜੀ ਸਫਲ ਸਾਬਤ ਹੋ ਰਹੀ ਹੈ ।

## ਕਾਲਜਾਂ ਦੇ ਮਾਇਕ ਸੰਕਟ ਅਤੇ ਔਕੜਾਂ :

ਗੈਰ-ਸਰਕਾਰੀ ਕਾਲਜਾਂ ਦੇ ਘਾਟਿਆਂ ਨੂੰ ਪੂਰਾ ਕਰਨ ਲਈ ਪਰੰਤੂ ਸਰਕਾਰਾਂ ਵਖੋ ਵਖ ਵਸੀਲੇ ਅਤੇ ਢੰਗ ਅਪਣਾ ਰਹੀਆਂ ਹਨ, ਭਾਵੇਂ ਪ੍ਰਾਈਵੇਟ ਕਾਲਜ ਵਿਦਿਆ ਖੇਤਰ ਵਿਚ ਮਹੱਤਵ-ਪੂਰਣ ਹਿੱਸਾ ਪਾ ਰਹੇ ਹਨ, ਪਰ ਉਹਨਾਂ ਦੀਆਂ ਮਾਇਕ ਔਕੜਾਂ ਬੇਗਿਣਤ ਹਨ । ਕਿਉਂਕਿ ਵਿਦਿਆ ਪ੍ਰਦਾਨ ਕਰਨ ਦੀ ਪਹਿਲੀ ਜ਼ਿਮੇਂਵਾਰੀ ਕੇਂਦਰੀ ਸਰਕਾਰ ਦੀ ਹੈ, ਇਸ ਲਈ ਗੈਰ ਸਰਕਾਰੀ ਕਾਲਜਾਂ ਦੇ ਘਾਟੇ ਨੂੰ ਪੂਰਾ ਕਰਨਾ ਉਹਨਾਂ ਦਾ ਪਹਿਲਾ ਕਰਤੱਵ ਬਣ ਜਾਂਦਾ ਹੈ । 53ਵੀਂ ਕਾਨਫ੍ਰੰਸ ਵਿਚ ਸਰਕਾਰ ਤੇ ਜ਼ੋਰ ਪਾਇਆ ਗਿਆ ਕਿ ਕਾਲਜਾਂ ਦੇ ਘਾਟੇ ਦਾ 95 ਫੀ ਸਦੀ ਸਰਕਾਰ ਦੇਵੇ । ਇਹ ਖੁਸ਼ੀ ਦੀ ਗੱਲ ਹੈ ਪੰਜਾਬ ਸਰਕਾਰ ਨੇ ਇਹ ਸੁਝਾਓ ਪਰਵਾਨ ਕਰਦੇ ਹੋਏ ਕਾਲਜਾਂ ਨੂੰ ਘਾਟੇ ਦਾ 95 ਫੀ ਸਦੀ ਦੇਣਾ ਸ਼ੁਰੂ ਕਰ ਦਿਤਾ ਹੈ ।

## ਸਿੱਖ ਪਬਲਿਕ ਸਕੂਲ ਇਕ ਨਵੀਨ ਲਹਿਰ :

ਸਿੱਖ ਵਿਦਵਾਨ ਚਿੰਤਕ ਸਦਾ ਸਮੇਂ ਤੇ ਹਾਵੀ ਰਹੇ ਹਨ । ਉੱਨਤ ਦੇਸਾਂ ਵਿਚ ਵਿਦਿਆ [ਪਰਦਾਨ ਕਰਨ ਦੀਆਂ ਨਵੀਆਂ ਤੇ ਪਬਲਿਕ ਸਕੂਲਾਂ ਵਿਚ ਵਿਦਿਆ ਦੇ ਅਰੋਗ ਵਾਤਾਵਰਨ ਤੇ ਉਚੇ ਮਿਆਰਾਂ ਨੂੰ ਮੁਖ ਰਖਦਿਆਂ, ਸਿੱਖ ਵਿਦਵਾਨਾਂ ਸਿਖ ਆਗੂਆਂ, ਸਿਖ ਕੌਮ ਦੇ ਦਰਦੀਆਂ ਅਤੇ ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਨੇ ਰਿਹਾਇਸ਼ੀ ਪਬਲਿਕ ਸਕੂਲ ਤੋਂ ਕੋਨਵੈਂਟ ਨਮੂਨੇ ਦੇ ਸਿਖ ਪਬਲਿਕ ਸਕੂਲ ਖੋਲ੍ਹਣ ਦੀ ਲਹਿਰ ਚਲਾਈ । ਇਸ ਨਵੀਨ ਲਹਿਰ ਦੇ ਅਧੀਨ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਦਿਲੀ, ਤੇ ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ ਮਸੂਰੀ ਖੋਲ੍ਹੇ ਗਏ ਜੋ ਬਹੁਤ ਸੋਹਣੇ ਢੰਗ ਨਾਲ ਚਲ ਰਹੇ ਹਨ । ਇਹ ਸਰਦਾਰ ਮਹਿਤਾਬ ਸਿੰਘ ਦਿਲੀ ਵਾਲਿਆਂ ਦੇ ਉਤਸ਼ਾਹ ਦੀ ਕਰਾਮਾਤ ਹੈ ਜੋ ਇਹ ਸੰਸਥਾਵਾਂ ਪੰਥ ਨੂੰ ਪਰਾਪਤ ਹੋਈਆਂ ਹਨ । ਪੰਥ ਨੂੰ ਇਨ੍ਹਾਂ ਉਤੇ ਬਹੁਤ ਮਾਣ ਹੈ ।

ਇਨ੍ਹਾਂ ਸਿਖ ਪਬਲਿਕ ਸਕੂਲਾਂ ਦੀ ਸਫਲਤਾ ਤੋਂ ਪ੍ਰਭਾਵਤ ਹੋ ਕੇ ਚੀਫ ਖ਼ਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਨੇ 51ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਬੰਬਈ 1971 ਵਿਖੇ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਤੇ ਚੀਫ਼ ਖ਼ਾਲਸਾ ਦੀਵਾਨ ਦੇ ਇਹਾਤੇ ਵਿਚ 1968 ਵਿਚ ਖੋਲੇ ਨਰਸਰੀ ਸਕੂਲ ਨੂੰ 1972 ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਰੂਪ ਵਿਚ ਪੱਕੀ ਤਰ੍ਹਾਂ ਸਥਾਪਤ ਕਰ ਦਿਤਾ । ਇਹ ਸਕੂਲ ਬਹੁਤ ਵਿਗਿਆਨਕ ਢੰਗ ਨਾਲ ਚਲ ਰਿਹਾ ਹੈ । ਇਸ ਦੀ ਬਹੁਤ ਵਧੀਆ ਨਵੀਂ ਇਮਾਰਤ ਬਣ ਰਹੀ ਹੈ ਜਿਸ ਤੇ 15 ਲੱਖ ਤੋਂ ਉਪਰ ਖਰਚ ਹੋ ਚੁਕਾ ਹੈ । ਇਥੇ 1650 ਦੇ ਲਗਭਗ ਵਿਦਿਆਰਥੀ ਪੜ੍ਹਦੇ ਹਨ । ਇਥੇ ੬0 ਦੇ ਲਗਭਗ ਤਜਰਬੇਕਾਰ ਅਧਿਆਪਕ ਕੰਮ ਕਰ ਰਹੇ ਹਨ । ਸਕੂਲ ਦੇ ਡਾਇਰੈਕਟਰ ਕਮਾਂਡਰ ਸੁਦਰਸ਼ਨ ਸਿੰਘ ਸੋਇਨ ਅਤੇ ਪ੍ਰਿੰਸੀਪਲ ਜੇ.ਕੇ. ਆਹਲੂਵਾਲੀਆ ਬੜੀ ਲਗਨ ਤੇ ਮਿਹਨਤ ਨਾਲ ਇਸ ਸਕੂਲ ਨੂੰ ਉੱਚੇ ਪੱਧਰ ਤੇ ਲਿਜਾਣ ਲਈ ਦਿਨ ਰਾਤ ਕੋਸ਼ਿਸ਼ ਕਰ ਰਹੇ ਹਨ । ਸਕੂਲ ਸੰਟ੍ਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਦਿਲੀ ਪਾਸੋਂ ਪਰਵਾਨ ਹੋ ਚੁਕਾ ਹੈ । ਹੁਣ ਪਬਲਿਕ ਸਕੂਲ ਦੀ ਲਹਿਰ ਸਿਖਾਂ ਵਿਚ ਹਰਮਨ, ਪਿਆਰੀ ਹੋ ਰਹੀ ਹੈ । ਪੇਂਡੂ ਬੱਚਿਆਂ ਨੂੰ ਆਧੁਨਿਕ ਢੰਗ ਦੀ ਵਿਦਿਆਂ ਪਰਦਾਨ ਕਰਨ ਲਈ ਇਹ ਲਹਿਰ ਜ਼ੋਰ ਵੀ ਪਕੜ ਰਹੀ ਹੈ ।

52ਵੀਂ ਕਾਨਫ੍ਰੰਸ ਕਾਨ੍ਹਪੁਰ ਵਿਖੇ ਹੋਈ ਤੇ ਉਥੇ ਯੂ. ਪੀ. ਸਰਕਾਰ ਨੇ ਇਕ ਸਿੱਖ ਪਬਲਿਕ ਸਕੂਲ ਖੋਲ੍ਹੇ ਜਾਣ ਲਈ ਪ੍ਰਵਾਨਗੀ ਦਿਤੀ ਅਤੇ ਲੋਕਲ ਕਮੇਟੀ ਚੀਫ਼ ਖ਼ਾਲਸਾ ਦੀਵਾਨ ਕਾਨ੍ਹਪੁਰ ਨੇ ਉਥੇ ਸਿੱਖ ਪਬਲਿਕ ਸਕੂਲ ਜਾਰੀ ਕਰ ਲਿਆ ਹੈ।

ਹੇਠ ਲਿਖੇ ਵੇਰਵੇ ਤੋਂ ਪਤਾ ਚਲ ਜਾਵੇਗਾ ਕਿ ਪਬਲਿਕ ਸਕੂਲਾਂ ਦੀ ਲਹਿਰ ਕਿੰਨੀ ਪ੍ਰਿਯਤਾ ਹੋ ਗਈ ਹੈ ਅਤੇ ਅੰਮ੍ਰਿਤਸਰ ਜ਼ਿਲਾ ਦੇ ਵੱਖ ਵੱਖ ਪਿੰਡਾਂ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਬ੍ਰਾਂਚਾਂ ਚੀਫ਼ ਖ਼ਾਲਸਾ ਦੀਵਾਨ ਨਾਲ ਸਬੰਧਤ ਕਰਵਾਈਆਂ ਜਾ ਰਹੀਆਂ ਹਨ ਅਤੇ ਨਿਗਰਾਨੀ ਹੇਠ ਜਾਰੀ ਕਰਨ ਲਈ ਮੰਗਾਂ ਆ ਰਹੀਆਂ ਹਨ। ਤਰਨ ਤਾਰਨ ਦੀ ਚੀਫ਼ ਖ਼ਾਲਸਾ ਦੀਵਾਨ ਨੇ ਵੀ ਸੈਕੰਡਰੀ ਬੋਰਡ ਦਿੱਲੀ ਤੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੂੰ ਦਸਵੀਂ ਤਕ ਸਬੰਧਤ ਕਰਵਾ ਲਿਆ ਹੈ। ਸ: ਲਖਬੀਰ ਸਿੰਘ ਜੀ ਪ੍ਰਧਾਨ ਲੋਕਲ ਕਮੇਟੀ ਵਧਾਈ ਦੇ ਪਾਤਰ ਹਨ।

| ਲੜੀ ਨੰ: | ਸ਼ਹਿਰ/ਪਿੰਡ ਦਾ ਨਾਮ | ਗਿਣਤੀ ਵਿਦਿਆਰਥੀ | ਟੀਚਿੰਗ ਸਟਾਫ਼ | ਨਾਨ-ਟੀਚਿੰਗ ਸਟਾਫ਼ |
|---|---|---|---|---|
| | ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ | | | |
| 1) | ਅੰਮ੍ਰਿਤਸਰ | 1650 | 72 | 28 |
| 2) | ਬ੍ਰਾਂਚ ਬਾਬਾ ਅਟਲ ਸਾਹਿਬ | 275 | 9 | 5 |
| 3) | ਤਰਨ ਤਾਰਨ | 750 | 22 | 6 |
| 4) | ਪੱਟੀ | 700 | 20 | 5 |
| 5) | ਅਜਨਾਲਾ | 275 | 7 | 3 |
| 6) | ਮਹਿਲ ਜੰਡਿਆਲਾ | 200 | 6 | 2 |
| 7) | ਸ੍ਰੀ ਗੁਰੂ ਹਰਗੋਬਿੰਦ ਪੁਰ | 250 | 5 | 3 |
| 8) | ਅਨੰਦਪੁਰ ਸਾਹਿਬ | 450 | 10 | 3 |
| 9) | ਚੰਡੀਗੜ੍ਹ | 100 | 11 | 4 |
| 10) | ਸੁਰ ਸਿੰਘ | 150 | 4 | 2 |
| | ਜੋੜ | 4800 | 166 | 61 |

## ਸਰਬ ਹਿੰਦ ਸਿੱਖ ਪਬਲਿਕ ਸਕੂਲਜ਼ ਕਾਨਫਰੰਸ :

ਖ਼ਾਲਸਾ ਪਬਲਿਕ ਸਕੂਲਾਂ ਦੀ ਲਹਿਰ ਨੂੰ ਹੋਰ ਪੱਕਿਆਂ ਕਰਨ ਲਈ, ਪਿਛਲੀਆਂ ਤਿੰਨ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਵਿਚ ਇਹਨਾਂ ਸਕੂਲਾਂ ਦੀਆਂ ਔਕੜਾਂ ਅਤੇ ਮਸਲਿਆਂ ਨੂੰ ਵਿਚਾਰਨ ਲਈ ਇਹਨਾਂ ਸਕੂਲਾਂ ਦੀ ਇਕ ਕੇਂਦਰੀ ਸੰਸਥਾ ਸਥਾਪਨ ਕਰਨ ਦਾ ਸਵਾਲ ਉਠਦਾ ਰਿਹਾ ਅਤੇ ਕਈ ਇਕ ਮੁਢਲੀਆਂ ਇਕੱਤਰਤਾਵਾਂ ਕਰਕੇ, ਉਸ ਕੇਂਦਰੀ ਸੰਸਥਾ ਦੇ ਨਿਯਮ-ਉਪ ਨਿਯਮਾਂ ਬਣਾ ਕੇ ਐਜੂਕੇਸ਼ਨਲ ਕਮੇਟੀ ਚੀਫ਼ ਖ਼ਾਲਸਾ ਦੀਵਾਨ ਵਲੋਂ ਇਕ ਸਾਂਝੀ ਇਕੱਤਰਤਾ 23 ਅਤੇ 24 ਫਰਵਰੀ 1985 ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਚੀਫ਼ ਖ਼ਾਲਸਾ ਦੀਵਾਨ ਦੇ ਕੈਂਪਸ ਵਿਚ ਕੀਤੀ ਗਈ। ਇਸ ਕਾਨਫਰੰਸ ਦਾ ਨਾਮ ਆਲ ਇੰਡੀਆ ਸਿਖ ਪਬਲਿਕ ਸਕੂਲਜ਼ ਕਾਨਫ੍ਰੰਸ ਰਖਿਆ ਗਿਆ। ਜਿਸ ਵਿਚ 40 ਖ਼ਾਲਸਾ ਪਬਲਿਕ

ਸਕੂਲਾਂ ਦੇ ਮੁਖੀਆਂ ਨੇ ਭਾਗ ਲਿਆ। ਇਸ ਇਕੱਤਰਤਾ ਵਿਚ ਕਮਾਂਡਰ ਐਸ. ਐਸ. ਸੋਇਨ, ਡਾਇਰੈਕਟਰ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ ਚੀਫ਼ ਖ਼ਾਲਸਾ ਦੀਵਾਨ ਨੂੰ ਉਸ ਸੰਸਥਾ ਦਾ ਚੇਅਰਮੈਨ ਅਤੇ ਮਿਸਜ਼ ਟੀ. ਕੇ ਅਨੰਦ, ਪ੍ਰਿੰਸੀਪਲ ਗੁਰੂ ਨਾਨਕ ਪਬਲਿਕ ਸਕੂਲ ਪੰਜਾਬੀ ਬਾਗ, ਨਵੀਂ ਦਿੱਲੀ ਨੂੰ ਸਕੱਤਰ ਚੁਣਿਆ ਗਿਆ, ਅਤੇ 20, 21, 22 ਅਪਰੈਲ 1985 ਨੂੰ ਗੋਨਿਆਨਾ ਮੰਡੀ ਵਿਖੇ ਹੋਣ ਵਾਲੀ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਸਮਾਗਮ ਤੇ ਵਧੇਰੇ ਵਿਚਾਰ ਵਟਾਂਦਰਾ ਕਰਨ ਲਈ ਫੈਸਲਾ ਵੀ ਹੋਇਆ।

## ਡਾਇਮੰਡ ਜੁਬਲੀ ਬੁਕ ਦੀ ਪ੍ਰਕਾਸ਼ਨਾਂ :

ਐਜੂਕੇਸ਼ਨਲ ਕਮੇਟੀ ਵਲੋਂ 1935 ਵਿਚ ਸਿਲਵਰ ਜੁਬਲੀ ਬੁਕ ਪ੍ਰਕਾਸ਼ਤ ਕੀਤੀ ਗਈ ਅਤੇ 1958 ਵਿਚ ਗੋਲਡਨ ਜੁਬਲੀ ਬੁਕ ਜਿਸ ਵਿਚ 50 ਸਾਲਾਂ ਦਾ ਇਤਿਹਾਸ ਕਾਨਫ੍ਰੰਸ ਸਬੰਧੀ ਇਕੱਤਰ ਕਰਕੇ ਅਤੇ ਸਿੱਖ ਐਜੂਕੇਸ਼ਨਲ ਕਾਨਫ੍ਰੰਸਾਂ ਬਾਰੇ ਦਿਤਾ ਗਿਆ ਹੋਇਆ ਸੀ। ਇਹਨਾਂ ਦੋਹਾਂ ਪੁਸਤਕਾਂ ਵਿਚ ਹੋ ਚੁਕੀਆਂ 35 ਐਜੂਕੇਸ਼ਨਲ ਕਮੇਟੀ ਦੇ ਮੈਂਬਰ ਸਾਹਿਬਾਨ ਦੇ ਨਾਮ ਅਤੇ ਉਹਨਾਂ ਵਲੋਂ ਪਾਸ ਕੀਤੇ ਗਏ ਮਤਿਆਂ ਅਤੇ ਵਿਸ਼ੇਸ਼ ਕਾਰਗੁਜ਼ਾਰੀ ਦੀ ਅਣਹੋਂਦ ਸੀ। ਇਹ ਮਹਿਸੂਸ ਕੀਤਾ ਗਿਆ ਕਿ ਇਸ ਘਾਟ ਨੂੰ ਪੂਰਾ ਕਰਨ ਲਈ ਹੁਣ ਜਦ ਐਜੂਕੇਸ਼ਨਲ ਕਾਨਫ੍ਰੰਸ ਦੀ ਸਾਜਨਾ 1908 ਵਿਚ ਹੋਈ ਸੀ ਅਤੇ 75 ਸਾਲ ਵੀ ਪੂਰੇ ਹੋ ਗਏ ਹਨ ਤਾਂ ਕਿਉਂ ਨਾ ਡਾਇਮੰਡ ਜੁਬਲੀ ਬੁਕ ਛਾਪੀ ਜਾਵੇ। ਐਜੂਕੇਸ਼ਨਲ ਕਾਨਫ੍ਰੰਸਾਂ ਦਾ 55ਵਾਂ ਸਮਾਗਮ ਵੀ ਕੀਤੇ ਜਾਣ ਲਈ ਹਾਲਾਤ ਅਣਸੁਖਾਵੇਂ ਹੋਣ ਕਾਰਨ ਦਫ਼ਤਰ ਨੂੰ ਵੀ ਵੇਹਲ ਸੀ ਜਿਸ ਕਰਕੇ ਡਾਇਮੰਡ ਜੁਬਲੀ ਬੁਕ ਦਾ ਸੰਗ੍ਰਹਿ ਕਰਨ ਲਈ ਇਹ ਕੰਮ ਸ: ਦੀਨ ਦਿਆਲ ਸਿੰਘ ਅੰਡਰ ਸੈਕ੍ਰੇਟਰੀ, ਐਜੂਕੇਸ਼ਨਲ ਕਮੇਟੀ ਨੂੰ ਸੌਂਪਿਆ ਗਿਆ, ਜਿਨ੍ਹਾਂ ਨੇ ਬੜੀ ਮਿਹਨਤ, ਲਗਨ ਅਤੇ ਖੋਜ ਕਰਕੇ ਐਜੂਕੇਸ਼ਨਲ ਕਮੇਟੀ ਦੀਆਂ ਹੁਣ ਤਕ ਬਣ ਚੁੱਕੀਆਂ ਐਜੂਕੇਸ਼ਨਲ ਕਮੇਟੀਆਂ ਦੇ ਮੈਂਬਰ ਸਾਹਿਬਾਨ ਦੇ ਨਾਮ, ਉਹਨਾਂ ਵਲੋਂ ਪਾਸ ਕੀਤੇ ਗਏ ਵਿਸ਼ੇਸ਼ ਮਤੇ ਅਤੇ ਹੁਣ ਤੱਕ ਹੋ ਚੁਕੀਆਂ 54 ਐਜੂਕੇਸ਼ਨਲ ਕਾਨਫਰੰਸਾਂ ਦੇ ਹਾਲਾਤ ਅਤੇ ਉਹਨਾਂ ਕਾਨਫ੍ਰੰਸਾਂ ਵਿਚ ਪਾਸ ਹੋਏ ਮਤਿਆਂ ਨੂੰ ਇਕੱਤਰ ਕਰਕੇ ਡਾਇਮੰਡ ਜੁਬਲੀ ਬੁਕ ਦੀ ਰੂਪ ਰੇਖਾ ਉਲੀਕੀ ਤੇ ਛਾਪੀ। ਇਸ ਪੁਸਤਕ ਵਿਚ ਐਜੂਕੇਸ਼ਨਲ ਕਮੇਟੀ ਦੇ ਮੈਂਬਰ ਸਾਹਿਬਾਨ ਦੇ ਨਾਮ 54 ਹੋ ਚੁਕੀਆਂ ਐਜੂਕੇਸ਼ਨਲ ਕਾਨਫਰੰਸਾਂ ਦੇ ਪਰਧਾਨ ਸਾਹਿਬਾਨ ਚੇਅਰਮੈਨ ਸੁਆਗਤ ਕਮੇਟੀਆਂ ਦਾ ਖਰੜਾ ਅਤੇ ਚਿੱਤਰ ਛਪਵਾ ਕੇ ਪ੍ਰਕਾਸ਼ਤ ਕੀਤੇ ਗਏ ਹਨ। ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਸਾਹਿਬਾਨ ਅਥਵਾ ਜਨਰਲ ਸਕੱਤਰ ਸਾਹਿਬਾਨ ਐਜੂਕੇਸ਼ਨਲ ਕਾਨਫ੍ਰੰਸਾਂ ਦੇ ਚਿੱਤਰ ਬੜੀ ਮਿਹਨਤ ਨਾਲ ਉਹਨਾਂ ਦੇ ਰਿਸ਼ਤੇਦਾਰਾਂ ਪਾਸੋਂ ਜਾਂ ਫੋਟੋਗਰਾਫਰ ਸਾਹਿਬਾਨ ਪਾਸੋਂ ਇਕੱਤਰ ਕਰਕੇ ਦਿਤੇ ਅਤੇ ਛਾਪੇ ਗਏ ਹਨ ਤਾਂ ਕਿ ਇਹਨਾਂ ਸਮੂੰਹ ਸੇਵਕਾਂ ਦੀ ਯਾਦ ਅਮਰ ਰਹੇ। ਇਸ ਪੁਸਤਕ ਦੇ ਛਾਪਣ ਵਿਚ ਸ: ਸੰਤ ਸਿੰਘ ਜੀ ਆਨਰੇਰੀ ਸਕੱਤਰ, ਚੀਫ਼ ਖ਼ਾਲਸਾ ਦੀਵਾਨ ਅਤੇ ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਦਾ ਵੱਡਮੁੱਲਾ ਭਾਗ ਅਤੇ ਦੇਣ ਹੈ ਕਿਉਂਕਿ ਉਹਨਾਂ ਨੇ ਪਾਕਿਸਤਾਨ ਬਣਨ ਉਪਰੰਤ ਹੁਣ ਤੱਕ ਸਾਰੀਆਂ ਕਾਨਫ੍ਰੰਸਾਂ ਵਿਚ ਭਾਗ ਲਿਆ ਅਤੇ ਉਹਨਾਂ ਕਾਨਫ੍ਰੰਸਾਂ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਅਤੇ ਮਾਇਆ ਇਕੱਤਰ ਕਰਨ ਤੇ ਉਹਨਾਂ ਕਾਨਫ੍ਰੰਸਾਂ ਦੇ ਖਰਚੇ ਪੂਰੇ ਕਰਨ ਵਿਚ ਇਕ ਵਡਮੁੱਲੀ ਦੇਣ ਰਹੀ ਹੈ।

ਡਾਇਮੰਡ ਜੁਬਲੀ ਪੁਸਤਕ ਵਿਚ ਦਿਤੇ ਗਏ ਅਧਾਰਿਤ ਸੋਮਿਆਂ ਨੂੰ ਲਭਨ ਲਈ ਕਾਫ਼ੀ ਔਕੜਾਂ ਆਈਆਂ ਕਿਉਂਕਿ ਪੁਰਾਣੇ ਰੀਕਾਰਡ ਦੀ ਸੰਭਾਲ ਨਾ ਹੋਣ ਕਰਕੇ ਸਿਉਂਕ ਲੱਗਣ ਕਾਰਨ ਉਹ ਨਸ਼ਟ ਹੋ ਚੁਕਾ ਸੀ। ਕੁਝ ਪ੍ਰਾਪਤ ਹੋਏ ਰੀਕਾਰਡ ਨੂੰ ਸੁਰੱਖਿਅਤ ਰੱਖਣ ਲਈ ਕਮੇਟੀ ਦੇ ਪੁਰਾਣੇ ਰੀਕਾਰਡਾਂ ਦੇ ਢੇਰਾਂ ਵਿਚੋਂ ਕਾਨਫ੍ਰੰਸ ਦੀਆਂ ਰੀਪੋਰਟਾਂ, ਪਰਧਾਨਗੀ ਐਡਰੈਸਾਂ ਅਤੇ ਕਈ ਹੋਰ ਵਡਮੁੱਲੇ ਅਤੇ ਨਾਯਾਬ ਖਰੜੇ ਆਦਿ ਪ੍ਰਾਪਤ ਅਤੇ ਲਭੇ ਗਏ ਜਿਹਨਾਂ ਨੂੰ ਪਹਿਲਾਂ ਇਕ ਰਜਿਸਟਰ ਵਿਚ

ਲਿਖਤੀ ਰੂਪ ਦਿਤਾ ਗਿਆ ਅਤੇ ਬਾਦ ਵਿਚ ਟਾਈਪ ਕਰਵਾ ਕੇ ਖਰੜਾ ਤਿਆਰ ਕੀਤਾ ਗਿਆ ਤੇ ਛਪਵਾਇਆ ਗਿਆ। ਇਸ ਪੁਸਤਕ ਦੀ ਕੀਮਤ 30 ਰੁਪਏ ਪ੍ਰਤੀ ਕਾਪੀ ਨਿਸ਼ਚਿਤ ਕੀਤੀ ਗਈ ਹੈ।

## ਵਜ਼ੀਫਿਆਂ ਦੀ ਅਦਾਇਗੀ :

ਐਜੂਕੇਸ਼ਨਲ ਕਮੇਟੀ ਆਰੰਭ ਤੋਂ ਹੀ ਹੋਣਹਾਰ ਅਤੇ ਲਾਇਕ ਵਿਦਿਆਰਥੀਆਂ ਨੂੰ ਮੋੜਵੇਂ ਅਤੇ ਨਾ-ਮੋੜਵੇਂ ਵਜ਼ੀਫੇ ਦੇਂਦੀ ਚਲੀ ਆ ਰਹੀ ਹੈ। ਇਹ ਵਜ਼ੀਫੇ ਉਹਨਾਂ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਦਿਤੇ ਜਾਂਦੇ ਹਨ ਜੋ ਡਾਕਟਰੀ, ਇੰਜੀਨੀਅਰਿੰਗ ਜਾਂ ਹੋਰ ਉਚ ਵਿਦਿਆ ਪ੍ਰਾਪਤ ਕਰਨਾ ਚਾਹੁੰਦੇ ਹੋਣ ਅਤੇ ਮਾਇਕ ਔਕੜਾਂ ਕਰਕੇ ਉਹ ਲੋੜੀਂਦੀ ਵਿਦਿਆ ਹਾਸਲ ਨਹੀਂ ਕਰ ਸਕਦੇ। ਐਜੂਕੇਸ਼ਨਲ ਕਮੇਟੀ ਪਾਸ ਕੋਈ ਅਜਿਹਾ ਪੱਕਾ ਫੰਡ ਨਾ ਹੋਣ ਕਾਰਨ ਹਰ ਸਾਲ ਆਪਣੇ ਪੱਕੇ ਫੰਡ ਤੋਂ ਪ੍ਰਾਪਤ ਹੋਏ ਸੂਦ ਤੋਂ ਲੋੜਵੰਦ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ ਅਸੰਭਵ ਹਨ ਪਰ ਦਾਨੀ ਸਜਨਾਂ ਦੀ ਉਦਾਰਤਾ ਅਤੇ ਇੱਛਾ ਅਨੁਸਾਰ ਹੇਠ ਲਿਖੇ ਕੁਝ ਪੱਕੇ ਫੰਡ ਸਥਾਪਤ ਹੋ ਚੁਕੇ ਹਨ ਜਿਨ੍ਹਾਂ ਤੋਂ ਪ੍ਰਾਪਤ ਹੋਏ ਸੂਦ ਤੋਂ ਵਜ਼ੀਫੇ ਦਿਤੇ ਜਾਂਦੇ ਹਨ। ਕਮੇਟੀ ਇਹਨਾਂ ਫੰਡਾਂ ਦੇ ਸਥਾਪਤ ਕਰਨ ਵਾਲੇ ਦਾਨੀ ਸਾਹਿਬਾਨ ਦੀ ਦਿਲੋਂ ਧੰਨਵਾਦੀ ਅਤੇ ਰਿਣੀ ਹੈ।

| ਲੜੀ ਨੰ: | ਨਾਮ ਵਜ਼ੀਫਾ | ਸਥਾਪਤ ਕਰਤਾ | ਰਕਮ ਪੱਕਾ ਫੰਡ | ਸਲਾਨਾ ਵਿਆਜ |
|---|---|---|---|---|
| 1) | ਸ: ਗੁਲਾਬ ਸਿੰਘ ਆਨੰਦ ਸਹਾਇਤਾ ਫੰਡ | ਸ: ਕਰਤਾਰ ਸਿੰਘ ਆਨੰਦ ਕਾਨ੍ਹਪੁਰ/ਪੂਨਾ | 61000/- | 6000/- |
| 2) | ਡਾ: ਪੂਰਨ ਸਿੰਘ ਫਰੀਦਕੋਟ | ਡਾ: ਪੂਰਨ ਸਿੰਘ ਫਰੀਦਕੋਟ ਨੇ ਮੋੜਵੇਂ ਵਜ਼ੀਫਿਆਂ ਲਈ ਜਮਾਂ ਕਰਾਈ ਰਕਮ। | | 4575/- |
| 3) | ਸਰਦਾਰਨੀ ਅੱਤਰ ਕੌਰ | ਸ: ਸੰਤੋਖ ਸਿੰਘ ਤੇ ਲੈਫ: ਕਰਨਲ ਪ੍ਰੀਤਮ ਸਿੰਘ ਚੰਡੀਗੜ੍ਹ। | 12000/- | 1200/- |
| 4) | ਸ੍ਰੀਮਤੀ ਭਗਵੰਤ ਕੌਰ ਕੁਲਵੰਤ ਸਿੰਘ ਚੈਰੀਟੇਬਲ ਟਰਸਟ | ਕਰਨਲ ਲਖਬੀਰ ਸਿੰਘ ਨਵੀਂ ਦਿੱਲੀ | 2000/- ਨੂੰ 5000/- ਕਰ ਦੇਣਗੇ। | |
| 5) | ਸਰਦਾਰਨੀ ਲੀਲਾ ਹਰਨਾਮ ਸਿੰਘ | ਸਰਦਾਰਨੀ ਲੀਲਾ ਹਰਨਾਮ ਸਿੰਘ ਨਵੀਂ ਦਿੱਲੀ। | 20,000/- | 2000/- |
| 6) | ਸਰਦਾਰਨੀ ਅਤੇ ਸ: ਮੋਹਨ ਸਿੰਘ ਕਾਲੜਾ ਵਜ਼ੀਫਾ | ਪ੍ਰੋ: ਗਜਿੰਦਰ ਸਿੰਘ ਤੇ ਸਰਦਾਰ ਐਮ. ਐਮ. ਸਿੰਘ | 20,000/- | 2900/- |

ਉੱਕਤ ਪੱਕੇ ਫੰਡਾਂ ਤੋਂ ਇਲਾਵਾ ਹੇਠ ਲਿਖੇ ਦਾਨੀਆਂ ਨੇ ਉਹਨਾਂ ਸਾਹਮਣੇ ਲਿਖੇ ਅਨੁਸਾਰ ਰਕਮਾਂ ਵਜ਼ੀਫੇ ਦੇਣ ਲਈ ਪ੍ਰਦਾਨ ਕੀਤੀਆਂ ।

| | | |
|---|---|---|
| 1) | ਸ: ਹਰਨਾਮ ਸਿੰਘ ਬੀਰ ਇੰਜੀਨੀਅਰਿੰਗ ਵਰਕਸ ਜਲੰਧਰ | 1800/– |
| 2) | ਸ: ਗੁਰਬਚਨ ਸਿੰਘ 584 ਆਰ, ਮਾਡਲ ਟਾਊਨ, ਜਲੰਧਰ । | 600/– |
| 3) | ਕਾਕਾ ਸਨਜੀਤ ਸਿੰਘ ਦੀ ਯਾਦ ਵਿਚ । | 1050/– |
| 4) | ਸ: ਅਮਰ ਸਿੰਘ ਦੂਆ । | 450/– |

## ਧਾਰਮਿਕ ਅਤੇ ਸਿੱਖ ਇਤਿਹਾਸ ਦੀਆਂ ਲਿਖਤੀ ਪ੍ਰੀਖਿਆਵਾਂ

1) ਸ. ਬਲਵੰਤ ਸਿੰਘ ਚਤਰਥ ਅਤੇ ਸ: ਗੁਰਬਖਸ਼ ਸਿੰਘ ਚਤਰਥ ਦੀਆਂ ਮਿਠੀਆਂ ਯਾਦਾਂ ਵਿਚ ਉਹਨਾਂ ਦੇ ਰਿਸ਼ਤੇਦਾਰ ਮੇਜਰ ਜਸਵੰਤ ਸਿੰਘ ਚਤਰਥ, 122 ਫੀ.ਸ਼ੀ. ਲਾਈਨਜ਼, ਮੇਰਠ ਛਾਵਨੀ ਨੇ ਧਾਰਮਿਕ ਅਤੇ ਸਿੱਖ ਇਤਿਹਾਸ ਬਾਰੇ ਸਿਲੇਬਸ ਨਿਸਚਿਤ ਕਰਕੇ ਅਠਵੀਂ ਅਤੇ ਨੌਵੀਂ ਸਰੇਣੀ ਦੇ ਵਿਦਿਆਰਥੀਆਂ ਤਂ ਲਿਖਤੀ ਪ੍ਰੀਖਿਆਵਾਂ ਲੈਣ ਉਪਰੰਤ ਪ੍ਰਥਮ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 10/– ਰੁਪੈ ਮਾਹਵਾਰ ਦੇ ਵਜ਼ੀਫੇ ਇਕ ਸਾਲ ਲਈ ਅਤੇ 60% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 10/- ਰੁਪੈ ਇਨਾਮ ਵਜੋਂ ਦਿਤੇ ਜਾਂਦੇ ਹਨ । ਮੇਜਰ ਜਸਵੰਤ ਸਿੰਘ ਜੀ ਵਲੋਂ ਦੋਹਾਂ ਪ੍ਰੀਖਿਆਵਾਂ ਲਈ 2000/-2000/– ਰੁਪੈ ਜਮਾਂ ਪੱਕੇ ਫੰਡਾਂ ਵਿਚ ਕਰਵਾਏ ਗਏ ਹਨ ਅਤੇ ਉਸ ਫੰਡ ਤੋਂ ਪ੍ਰਾਪਤ ਹੋਏ ਸਲਾਨਾ ਸੂਦ ਤੋਂ ਬੱਚਿਆਂ ਨੂੰ ਵਜ਼ੀਫੇ ਦਿਤੇ ਜਾਂਦੇ ਹਨ ਇਵੇਂ ਹੀ ਚੌਧਰੀ ਗੁਰਦਿਤ ਸਿੰਘ ਫੰਡ ਵਿਚ 2700/–ਰੁਪੈ ਜਮਾਂ ਹੋਇਆ ਹੈ ਤੇ ਉਸ ਤੋਂ ਪ੍ਰਾਪਤ ਹੋਏ ਸੂਦ ਤੋਂ ਲਿਖਤੀ ਪ੍ਰੀਖਿਆਵਾਂ ਦੁਆਰਾ ਪ੍ਰਥਮ ਆਏ ਵਿਦਿਆਰਥੀ ਨੂੰ 120/–ਰੁਪੈ ਸਾਲ ਦਾ ਵਜ਼ੀਫਾ ਅਤੇ ਹੋਰ ਇਨਾਮ ਦਿਤੇ ਜਾਂਦੇ ਹਨ। ਸਰ ਸੁੰਦਰ ਸਿੰਘ ਜੀ ਮਜੀਠੀਆ ਦੀ ਮਿੱਠੀ ਯਾਦ ਵਿਚ ਐਜੂਕੇਸ਼ਨਲ ਕਮੇਟੀ ਵਲੋਂ ਪੰਜਾਬੀ ਪ੍ਰੀਖਿਆਵਾਂ ਲਈਆਂ ਜਾਂਦੀਆਂ ਹਨ ਤੇ ਵਜ਼ੀਫੇ ਅਤੇ ਇਨਾਮ ਦਿਤੇ ਜਾਂਦੇ ਹਨ । ਸਾਲ 1984-85 ਵਿਚ ਖਰਚੇ ਗਏ ਰਕਮਾਂ ਦਾ ਵੇਰਵਾ ਇਸ ਪਰਕਾਰ ਹੈ।

| | | | |
|---|---|---|---|
| 1) | ਚੌਧਰੀ ਗੁਰਦਿਤ ਸਿੰਘ ਵਜ਼ੀਫਾ | : | 450/– ਰੁਪੈ |
| 2 | ਸਰ ਸੁੰਦਰ ਸਿੰਘ ਮਜੀਠੀਆ | : | 280/– ਰੁਪੈ |
| 3) | ਸ: ਬਲਵੰਤ ਸਿੰਘ ਚਤਰਥ | : | 240/– ਰੁਪੈ |
| 4) | ਸ: ਗੁਰਬਖਸ਼ ਸਿੰਘ ਚਤਰਥ | : | 280/– ਰੁਪੈ |

## ਕੰਠ ਬਾਣੀ ਦੀ ਪ੍ਰੀਖਿਆਵਾਂ

ਹਰ ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਤੇ ਚੀਫ ਖ਼ਾਲਸਾ ਦੀਵਾਨ ਵਲੋਂ ਆਯੋਜਿਤ ਕੰਠ ਬਾਣੀ ਪ੍ਰੀਖਿਆ ਅਤੇ ਕੀਰਤਨ ਮੁਕਾਬਲੇ ਐਜੂਕੇਸ਼ਨਲ ਕਮੇਟੀ ਦੀ ਨਿਗਰਾਨੀ ਹੇਠ ਲਏ ਜਾਂਦੇ ਹਨ । ਵਿਦਿਆਰਥੀਆਂ ਲਈ ਹੇਠ ਲਿਖੇ ਵੇਰਵੇ ਅਨੁਸਾਰ ਇਨਾਮੀ ਕੰਠ ਬਾਣੀ ਪ੍ਰੀਖਿਆ ਅਤੇ ਇਨਾਮੀ ਕੀਰਤਨ ਦਰਬਾਰ ਹੁੰਦੇ ਹਨ :—

## 1. ਇਨਾਮੀ ਕੰਠ ਬਾਣੀ ਪ੍ਰੀਖਿਆਵਾਂ

ੳ) ਜਪੁਜੀ ਸਾਹਿਬ ਅਤੇ ਸ਼ਬਦ ਹਜ਼ਾਰੇ : ਛੇਵੀਂ ਸ਼ਰੇਣੀ ਤਕ 11 ਸਾਲ ਤਕ ਦੇ ਵਿਦਿਆਰਥੀਆ ਲਈ

ਅ) ਰਹਿਰਾਸ ਸਾਹਿਬ, ਅਰਦਾਸ ਅਤੇ ਕੀਰਤਨ ਸੋਹਿਲਾ : ਸਤਵੀਂ ਤੇ ਅਠਵੀਂ ਸ਼ਰੇਣੀ ਤਕ ਦੇ ਵਿਦਿਆਰਥੀਆਂ ਲਈ

ੲ) ਜਾਪੁ ਸਾਹਿਬ, ਪਹਿਲੇ 10 ਸਵੱਯੇ : ਨੌਵੀਂ, ਦਸਵੀਂ ਅਤੇ ਗਿਆਰਵੀਂ ਸ਼ਰੇਣੀ ਦੇ ਵਿਦਿਆਰਥੀਆਂ ਲਈ

ਸ) ਸਲੋਕ ਮਹਲਾ 9 (ਗੁਨ ਗੋਂਵਿੰਦ ਗਾਇਓ ਨਹੀਂ) ਅਰਥਾਂ ਸਹਿਤ ਜਾਂ ਹੋਰ ਰਾਗਾਂ ਵਿਚ ਆਏ ਮਹਲਾ–ਨੌਵੇਂ ਦੇ ਸ਼ਬਦ : ਸਕੂਲ ਦੇ ਕਿਸੇ ਵੀ ਸ਼ਰੇਣੀ ਦੇ ਵਿਦਿਆਰਥੀ ਲਈ

ਹ) ਪਾਠ ਸ੍ਰੀ ਗੁਰ ਗ੍ਰੰਥ ਸਾਹਿਬ : ਸਕੂਲ ਦੇ ਕਿਸੇ ਵੀ ਸ਼ਰੇਣੀ ਦੇ ਵਿਦਿਆਰਥੀ ਲਈ

## 2. ਇਨਾਮੀ ਕੀਰਤਨ ਦਰਬਾਰ :

ਸਕੂਲ ਵਿਦਿਆਰਥੀਆਂ ਦੇ ਕੀਰਤਨੀ ਜਥੇ ਭਾਗ ਲੈਂਦੇ ਹਨ ਅਤੇ ਹਰ ਜਥੇ ਨੂੰ ਇਨਾਮ ਦਿਤੇ ਜਾਂਦੇ ਹਨ। ਸਾਲ 1984-85 ਵਿਚ ਉਕਤ ਮੁਕਾਬਲਿਆਂ ਲਈ 1335/–ਰੁਪੈ ਦੇ ਇਨਾਮ ਵੰਡੇ ਗਏ।

## ਸਕੂਲਾ ਦੀ ਧਾਰਮਿਕ ਇੰਸਪੈਕਸ਼ਨ :

ਸਰਦਾਰ ਸਾਹਿਬ ਸ: ਰਾਮ ਸਿੰਘ ਜੀ(ਰੀ:) ਪੀ.ਈ.ਐਸ. ਅੰਬਾਲਾ ਸ਼ਹਿਰ ਨਿਰੰਤਰ ਪਿਛਲੇ 25-30 ਸਾਲਾਂ ਤੋਂ ਕਿਰਪਾ ਪੂਰਬਕ ਇਹ ਪ੍ਰੇਮ ਸੇਵਾ ਨਿਭਾ ਰਹੇ ਹਨ। ਆਪਣੀ ਇਨਸਪੈਕਸਨ-ਦੌਰਾਨ ਸਰਦਾਰ ਸਾਹਿਬ ਬੱਚਿਆਂ ਨੂੰ ਸਿੱਖ ਧਰਮ ਦੇ ਉੱਚੇ ਸੁਚੇ ਅਸੂਲਾਂ ਦੇ ਰਹਿਣੀ ਬਹਿਣੀ ਅਤੇ ਭਾਸ਼ਨ ਦੇਂਦੇ ਹਨ। ਉਹ ਸਕੂਲਾਂ ਦਾ ਮੁਆਇਨਾ ਵੀ ਕਰਦੇ ਹਨ।

## ਕਾਨਫ੍ਰੰਸ ਦੀ ਵੱਡਮੁਲੀ ਦੇਣ

ਕਾਨਫ੍ਰੰਸ ਦੀ ਵਡਮੁਲੀ ਦੇਣ ਜਿਤੇ ਕਿ ਪੰਜਾਬ ਅਤੇ ਭਾਰਤ ਦੀਆਂ ਹੋਰ ਪ੍ਰਾਤਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸਕੂਲ, 150 ਦੇ ਲਗਭਗ ਖਾਲਸਾਂ ਕਾਲਜ ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ ਹਨ ਉਥੇ ਪੰਜਾਬ ਵਿਚ ਪੰਜਾਬੀ ਯੂਨੀਵਰਸਿਟੀ,ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੀ ਹੈ। ਕਾਨਫ੍ਰੰਸ ਨੇ ਵੀ ਸਕੂਲਾਂ/ਕਾਲਜਾਂ ਵਿਚ ਜੌਬ ਓਰੀਐਂਟਡ ਕੋਰਸਸ ਜਾਰੀ ਕਰਨ ਦੀ ਆਵਾਜ ਉਠਾਈ ਇਸ ਦੇ ਫਲਸਰੂਪ ਹੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਨਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਬਿਦਰ, ਅਤੇ ਕਈ ਸਿੱਖ ਪਾਲੀਟੈਕਨਿਕ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਲਈ ਜਾਰੀ ਕੀਤੇ ਹਨ। ਕਾਨਫ੍ਰੰਸ ਦਾ ਮੁਖ ਉਦੇਸ਼ ਵਿਦਅਕ ਆਸ਼ਰਮ ਜਾਰੀ ਕਰਨ ਦੀ ਪਰੇਰਨਾ, ਸਕੂਲਾਂ ਨੂੰ ਸਰਕਾਰੀ ਪ੍ਰਵਾਨਗੀ ਤੇ ਮਾਨਤਾ ਪ੍ਰਾਪਤ ਕਰਨ ਵਿਚ ਸਹਿਯੋਗ ਦੇਣਾ, ਆਪਣੇ ਫੰਡਾਂ ਵਿਚੋਂ ਗਰਾਂਟਾਂ ਦੇਣੀਆਂ, ਸਿੱਖ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਟੈਕਨੀਕਲ ਟਰੇਨਿੰਗ ਤੇ ਮੈਡੀਕਲ ਸਿਖਿਆ ਦੇਣੀ, ਵਜੀਫੇ, ਕਰਜੇ ਅਤੇ ਮੋੜਵੇਂ ਵਜੀਫੇ ਦੇਣੇ, ਕੋਨਵੈਂਟ ਲੀਹਾਂ ਤੇ ਸਿੱਖ ਸਕੂਲ ਖੋਹਲਣ ਆਦਿ ਹਨ ਜਿਸ ਲਈ ਕਮੇਟੀ ਅਤੇ ਕਾਨਫ੍ਰੰਸ ਲਖਾਂ ਰੁਪਏ ਸਹਾਇਤਾ ਅਤੇ ਵਜ਼ੀਫਿਆਂ ਵਜੋਂ ਦੇ ਰਹੀ ਹੈ।

## ਐਜੂਕੇਸ਼ਨਲ ਕਮੇਟੀ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਮੈਂਬਰ ਤੇ ਸਟਾਫ :

ਮੂਲ ਸੂਤਰਾਂ ਦੇ ਨਿਯਮ ਨੰ: ੪੩ ਅਨੁਸਾਰ ਹੇਠ ਲਿਖ ਮੈਂਬਰ 8-9-80 ਨੂੰ ਚੁਣੇ ਗਏ ।

### (ੳ) ਚੀਫ਼ ਖ਼ਾਲਸਾ ਦੀਵਾਨ ਵਲੋਂ :

1. ਸ: ਸੰਤ ਸਿੰਘ, ੭-ਸਰਦਾਰ ਹੁਕਮ ਸਿੰਘ ਰੋਡ, ਅੰਮ੍ਰਿਤਸਰ ।
2. ਸ: ਗੁਰਮੁਖ ਸਿੰਘ ਚਾਵਲਾ, ਪੈਲਿਸ ਸਿਨਮਾ ਬਿਲਡਿੰਗ, 20-ਰੋਸ਼ਨਆਰਾ ਰੋਡ, ਦਿਲੀ ।
3. ਸ: ਲਖਬੀਰ ਸਿੰਘ, ਨਿਊ ਇੰਡੀਆ ਰਬੜ ਵਰਕਸ, ਤਰਨ ਤਾਰਨ, ਅੰਮ੍ਰਿਤਸਰ ।
4. ਸ: ਭਾਗ ਸਿੰਘ 'ਅਣਖੀ', 5–ਐਮ. ਗ੍ਰੀਨ ਐਵੀਨਿਊ, ਅੰਮ੍ਰਿਤਸਰ ।
5. ਸ: ਮਿਹਰ ਸਿੰਘ ਬਜਾਜ, 475, ਗਰੀਨ ਐਵੀਨਿਊ, ਅੰਮ੍ਰਿਤਸਰ ।
6. ਸ: ਗਿਆਨ ਸਿੰਘ, ਜਨਰਲ ਸਕੱਤਰ, ਅਕਾਲੀ ਦਲ, ਅੰਮ੍ਰਿਤਸਰ ।
7. ਸ: ਦਿਲਬੀਰ ਸਿੰਘ, 11–ਰਤਨ ਚੰਦ ਰੋਡ, ਅੰਮ੍ਰਿਤਸਰ ।

### (ਅ) ਰਜਿਸਟਰਡ ਸਿੱਖ ਗਰੈਜੂਏਟ ਹਲਕੇ ਵਲੋਂ :

1. ਡਾ: ਗੁਰਦਿਆਲ ਸਿੰਘ ਫੁੱਲ, 10 ਮਕਬੂਲ ਰੋਡ, ਅੰਮ੍ਰਿਤਸਰ ।
2. ਸ: ਦਰਸ਼ਨ ਸਿੰਘ, ਡਿਪਟੀ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

### (ੲ) ਸਬੰਧਤ ਆਸ਼ਰਮਾਂ ਵਲੋਂ :

1. ਸ: ਪ੍ਰਕਾਸ਼ ਸਿੰਘ ਮਜੀਠਾ, ਮੀਤ–ਪ੍ਰਧਾਨ, ਖ਼ਾਲਸਾ ਕਾਲਜ, ਅੰਮ੍ਰਿਤਸਰ ।
2. ਸ: ਜਗਦੀਸ਼ ਸਿੰਘ ਪ੍ਰਿੰਸੀਪਲ, ਐਸ. ਐਸ. ਐਸ. ਐਸ. ਖਾਲਸਾ ਹਾਇਰ ਸੈਕੰਡਰੀ ਸਕੂਲ, ਅੰਮ੍ਰਿਤਸਰ ।

### (ਸ) ਸਿੰਘ ਸਭਾਵਾਂ ਵਲੋਂ :

1. ਸ: ਜਸਪਾਲ ਸਿੰਘ ਕੋਹਲੀ, 391 ਨਾਰਸੀ ਨਾਥਾ ਰੋਡ, ਬੰਬਈ ।

### (ਹ) ਸੁਆਗਤ ਕਮੇਟੀ ਵਲੋਂ ;

1. ਸ: ਜੋਗਿੰਦਰ ਸਿੰਘ ਸਾਹਨੀ, ਚੰਡੀਗੜ੍ਹ ।

### (ਕ) ਵਿਸ਼ੇਸ਼ ਸੱਦਾ ਪੱਤਰ ਤੇ ਬੁਲਾਏ :

1. ਸ: ਕਿਰਪਾਲ ਸਿੰਘ, ਐਕਸ. ਐਮ. ਐਲ. ਏ. ਭਗਤਾਂ ਵਾਲਾ ਗੇਟ, ਅੰਮ੍ਰਿਤਸਰ ।
2. ਸ: ਸੁਜਾਨ ਸਿੰਘ ਜੀ ਸਡਾਨਾ ।
3. ਡਾਕਟਰ ਰਣਬੀਰ ਸਿੰਘ ਜੀ ।

ਨੋਟ :–ਸ: ਗੁਰਮੁਖ ਸਿੰਘ ਜੀ ਚਾਵਲਾ ਦੇ ਸੁਵਰਗਵਾਸ ਹੋ ਜਾਣ ਉਪਰੰਤ ਸ: ਕਿਰਪਾਲ ਸਿੰਘ ਜੀ ਨੂੰ ਉਹਨਾਂ ਦੀ ਦੀ ਥਾਂ ਤੇ ਮੈਂਬਰ ਚੀਫ਼ ਖ਼ਾਲਸਾ ਦੀਵਾਨ ਵਲੋਂ ਨਾਮਜ਼ਦ ਕੀਤਾ ਗਿਆ ਅਤੇ ਸੁਆਗਤ ਕਮੇਟੀ 55ਵੀਂ ਕਾਨਫਰੰਸ ਵਲੋਂ ਸ: ਰਮਨ ਸਿੰਘ, 'ਰਮਨ' ਟਿਕਾਣਾ ਭਾਈ ਜਗਤਾ ਜੀ, ਗੋਨਿਆਨਾ ਨਾਮਜ਼ਦ ਹੋ ਕੇ ਆਏ ।

## ਐਜੂਕੇਸ਼ਨਲ ਕਮੇਟੀ ਦੀ ਨਵੀਂ ਚੋਣ :

ਕਮੇਟੀ ਨੇ ਫੈਸਲਾ ਕੀਤਾ ਕਿ ਪੰਥ ਉਤੇ ਆਏ ਵਰਤਮਾਨ ਸੰਕਟ ਨੂੰ ਮੁੱਖ ਰਖਦਿਆਂ ਚੋਣਾਂ ਨੂੰ "avoid" ਕਰਦਿਆਂ "ਸਟੇਟਸਕੋ" ਰੱਖਿਆ ਜਾਵੇ। ਇਸ ਫੈਸਲੇ ਤਹਿਤ ਐਜੂਕੇਸ਼ਨਲ ਕਮੇਟੀ ਦੀ ਨਵੀਂ ਚੋਣ ਨਾ ਕੀਤੀ ਗਈ ਅਤੇ ਪੁਰਾਣੇ ਮੈਂਬਰ ਸਾਹਿਬਾਨ, ਸਵਾਇ ਸੁਆਗਤ ਕਮੇਟੀ ਦੇ ਹੀ ਹਲਕੇ ਵਾਰ ਜਾਰੀ ਰਹਿਣ ਦਿਤੇ ਗਏ। ਸੁਆਗਤ ਕਮੇਟੀ ਵਲੋਂ ਸ: ਚਮਨ ਸਿੰਘ 'ਚਮਨ' ਨਾਮਜ਼ਦ ਹੋ ਕੇ ਆਏ।

## ਅਡੀਸ਼ਨਲ ਆਨਰੇਰੀ ਸਕੱਤਰ ਦੀ ਸੇਵਾ :

ਸ. ਸੰਤ ਸਿੰਘ ਜੀ ਨੇ 1980 ਵਿਚ ਐਜੂਕੇਸ਼ਨਲ ਕਮੇਟੀ ਦਾ ਚਾਰਜ ਸਾਂਭਣ ਲਗਿਆਂ ਸ: ਭਾਗ ਸਿੰਘ 'ਅਣਖੀ' ਅਤੇ ਸ: ਲਖਬੀਰ ਸਿੰਘ ਨੂੰ 54ਵੀਂ ਕਾਨਫਰੰਸ ਦੇ ਕੰਮ ਕਾਰ ਵਿਚ ਸਹਾਇਤਾ ਦੇਣ ਲਈ ਦੋ ਅਡੀਸ਼ਨਲ ਸਕੱਤਰ ਨੀਯਤ ਕੀਤੇ ਸੀ। ਪਰ ਕਾਨਫਰੰਸ ਉਪ੍ਰੰਤ ਸ: ਸੰਤ ਸਿੰਘ ਜੀ ਨੇ ਐਜੂਕੇਸ਼ਨਲ ਕਮੇਟੀ ਦਾ ਪੂਰਾ ਚਾਰਜ ਸ: ਭਾਗ ਸਿੰਘ 'ਅਣਖੀ' ਨੂੰ 1.6.81 ਤੋਂ ਸੌਂਪ ਦਿਤਾ ਅਤੇ ਕਮੇਟੀ ਦੇ ਅਕੌਂਟਸ ਨੂੰ ਉਪ੍ਰੇਟ ਕਰਨ ਦਾ ਅਧਿਕਾਰ ਵੀ ਕਮੇਟੀ ਨੇ ਮਤਾ ਨੰ: 63 ਮਿਤੀ 1.7.81 ਰਾਹੀਂ ਦੇ ਦਿਤਾ।

ਮੇਰਾ ਇਹ ਸੁਭਾਗ ਅਤੇ ਮਾਣ ਹੈ ਕਿ ਮੇਰੀ ਤੁਛ ਬੁੱਧੀ ਅਨੁਸਾਰ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਐਜੂਕੇਸ਼ਨਲ ਕਮੇਟੀ ਅਤੇ ਚੀਫ਼ ਖ਼ਾਲਸਾ ਦੀਵਾਨ ਨੇ ਮੇਰੇ ਜ਼ਿਮੇਂ ਐਜੂਕੇਸ਼ਨਲ ਕਮੇਟੀ ਅਤੇ ਕਾਨਫਰੰਸ ਦੀ ਇਹ ਬਹੁਪੱਖੀ ਜ਼ਿਮੇਂਵਾਰੀ ਸੌਂਪੀ ਹੈ। ਮੇਰੇ ਵਲੋਂ ਸੈਂਟਰਲ ਖਾਲਸਾ ਯਤੀਮਖਾਨਾ, ਚੀਫ਼ ਖ਼ਾਲਸਾ ਦੀਵਾਨ ਵਿਚ ਕੀਤੀਆਂ ਨਿਸ਼ਕਾਮ ਅਤੇ ਬੇਲਾਗ ਸੇਵਾਵਾਂ ਨੂੰ ਮੁੱਖ ਰਖਦਿਆਂ ਕਾਨ੍ਹਪੁਰ ਵਿਖੇ 197। ਵਿਚ ਹੋਈ 52ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਖੇ ਸਨਮਾਨ ਪ੍ਰਦਾਨ ਕਰਕੇ ਮੇਰੀ ਹੌਂਸਲਾ ਅਫਜ਼ਾਈ ਕੀਤੀ ਅਤੇ ਉਸੇ ਪਿਆਰ ਅਤੇ ਸਤਿਕਾਰ ਸਦਕਾ ਹੀ ਵਾਹਿਗੁਰੂ ਅਤੇ ਪੰਥ ਵਲੋਂ ਮਿਲੇ ਮਾਣ ਵਜੋਂ ਅੱਜ ਇਸ ਯੋਗ ਬਣਿਆ ਹਾਂ ਕਿ ਇਹ ਸੇਵਾ ਜਿਸ ਨੂੰ ਐਜੂਕੇਸ਼ਨਲ ਕਮੇਟੀ ਅਤੇ ਵਿਦਿਅਕ ਕਾਨਫਰੰਸ ਦੇ ਬਾਨੀ ਬੜੀ ਲਗਨ, ਹਿੰਮਤ ਅਤੇ ਪਿਆਰ ਨਾਲ ਨਿਸ਼ਕਾਮ ਹੋ ਕੇ ਸੇਵਾ ਨਿਭਾਉਂਦੇ ਰਹੇ ਸਨ ਉਹਨਾਂ ਦੇ ਪੂਰਨਿਆਂ ਤੇ ਚਲਣ ਦਾ ਮੈਨੂੰ ਅਵਸਰ ਮਿਲਿਆ ਹੈ ਜਿਸ ਲਈ ਮੈਂ ਪੰਥ ਦਾ ਰਿਣੀ ਹਾਂ। ਮੈਨੂੰ 53ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ, ਜੋ ਅੰਮ੍ਰਿਤਸਰ ਵਿਖੇ ਦਸੰਬਰ 1976 ਵਿਚ ਹੋਈ ਉਸ ਦੀ ਸੁਆਗਤੀ ਕਮੇਟੀ ਦੇ ਜਨਰਲ ਸਕੱਤਰ ਹੋਣ ਦਾ ਮਾਣ ਵੀ ਪ੍ਰਾਪਤ ਹੈ।

## ਦਫਤਰ ਦਾ ਸਟਾਫ :

ਸ: ਦੀਨ ਦਿਆਲ ਸਿੰਘ ਐਮ. ਏ. ਬੀ. ਕੌਮ ਐਜੂਕੇਸ਼ਨਲ ਕਮੇਟੀ ਦੇ ਬਤੌਰ ਅੰਡਰ ਸਕੱਤਰ ਪਿਛਲੇ 12 ਸਾਲਾਂ ਤੋਂ ਸੇਵਾ ਬੜੀ ਮਿਹਨਤ ਤੇ ਲਗਨ ਨਾਲ ਨਿਭਾ ਰਹੇ ਹਨ। ਇਹਨਾਂ ਦੇ ਨਾਲ ਇਕ ਸਹਾਇਕ 'ਸ: ਪ੍ਰੀਤਮ ਸਿੰਘ ਸੁਪ੍ਰਟੈਂਡੈਂਟ, ਬੀਬੀ ਹਰਸ਼ਰਨ ਕੌਰ ਟਾਈਪਿਸਟ, ਪਾਰਟ-ਟਾਈਮ ਅਕੌਂਟੈਂਟ ਅਤੇ ਇਕ ਸੇਵਾਦਾਰ ਹਨ ਜੋ ਮੇਰੇ ਨਾਲ ਇਕ ਟੀਮ ਵਾਂਗ ਕੰਮ ਕਰ ਰਹੇ ਹਨ ਅਤੇ ਐਜੂਕੇਸ਼ਨਲ ਕਮੇਟੀ ਦੇ ਹਰ ਖੇਤਰ ਵਿਚ ਅਤੇ ਖਾਸ ਕਰਕੇ ਆਰਥਕ ਪੱਖ ਦੀ ਉੱਨਤੀ ਵਿਚ ਯੋਗਦਾਨ ਪਾ ਰਹੇ ਹਨ।

## ਐਜੂਕੇਸਨਲ਼ ਕਮੇਟੀ ਵਲੋਂ ਸਮੇਂ ਸਮੇਂ ਪਾਸ ਹੋਏ ਸ਼ੋਕ ਮਤੇ :-

ਮੈਨੂੰ ਅਫਸੋਸ ਹੈ ਕਿ ਹੇਠ ਲਿਖੀਆਂ ਉਘੀਆਂ ਹਸਤੀਆਂ ਗੁਰੂ ਸਾਹਿਬਾਨ ਦੇ ਚਰਨਾਂ ਵਿਚ ਜਾ ਬਿਰਾਜੀਆਂ ਹਨ। ਉਨ੍ਹਾਂ ਦੇ ਸਦੀਵੀ ਵਿਛੋੜੇ ਲਈ ਕਮੇਟੀ ਨੇ ਸ਼ੋਕ ਮਤੇ ਪਾਸ ਕੀਤੇ।

1) ਡਾ: ਭਾਈ ਜੋਧ ਸਿੰਘ ਜੀ ।

2) ਸ: ਗੁਰਮੁਖ ਸਿੰਘ ਚਾਵਲਾ ।

3) ਸ: ਹਰਭਜਨ ਸਿੰਘ ਵੀ. ਕੇ. ਵੀਕਲੀ ।

4) ਸ: ਮਿਹਰ ਸਿੰਘ ਰਵੇਲ ।

5) ਸ: ਸਾਧੂ ਸਿੰਘ ਆਟੋਪਿਸਟਨ ।

6) ਸ: ਬ: ਉੱਜਲ ਸਿੰਘ ।

7) ਸ: ਬਖਤਾਵਰ ਸਿੰਘ ।

8) ਸ: ਸਾਧੂ ਸਿੰਘ ਹਮਦਰਦ ।

## ਕਮੇਟੀ ਦੇ ਫੰਡਾਂ ਵਿਚ ਕੀਤਾ ਵਾਧਾ :

ਮੈਂ ਇਹ ਦੱਸਣ ਵਿਚ ਖੁਸ਼ੀ ਅਨੁਭਵ ਕਰ ਰਿਹਾ ਹਾਂ ਕਿ ਜਿਸ ਦਿਨ ਤੋਂ ਮੈਂ ਐਜੂਕੇਸ਼ਨਲ ਕਮੇਟੀ ਦੀ ਵਾਗ ਡੋਰ ਸਾਂਭੀ ਹੈ, ਕਮੇਟੀ ਦੇ ਪੱਕੇ ਫੰਡਾਂ ਵਿਚ ਮੇਰੇ ਸਮੇਂ ਦੌਰਾਨ ਭਾਰੀ ਵਾਧਾ ਹੋਇਆ ਹੈ । ਪਕੇ ਫੰਡਾਂ ਦੀ ਰਕਮ ਇਸ ਸਮੇਂ 4 ਲੱਖ ਰੁਪਏ ਤੋਂ ਉਤੇ ਹੈ । ਵਜ਼ੀਫਿਆਂ ਦੇ ਫੰਡਾ ਵਿਚ ਦਾਨੀ ਸਜਣਾਂ ਨੇ ਭਰਵਾਂ ਸਹਿਯੋਗ ਦਿਤਾ ਹੈ ਅਤੇ ਹੁੰਗਾਰਾ ਭਰਿਆ ਹੈ । ਕਮੇਟੀ ਦੀ ਬੈਲੰਸ ਸ਼ੀਟ ਬਾਬਤ ਸਾਲ 1983–84 ਅੰਤ ਵਿਚ ਦਿਤੀ ਗਈ ਹੈ ।

ਪੈਪਸੂ ਐਨਡਾਓਮੈਂਟਸ ਤੇ ਪੰਜਾਬ ਸਰਕਾਰ ਨੇ 6000/– ਸਾਲਾਨਾ ਸੂਦ ਦੀ ਰਕਮ ਵਧਾ ਕੇ 9000/–ਕਰ ਦਿਤੀ ਹੈ । ਮੰਗ ਕੀਤੀ ਜਾ ਰਹੀ ਹੈ ਕਿ ਇਹ ਪਕੇ ਫੰਡ ਦੀ ਰਕਮ ਸਰਕਾਰ ਸਾਨੂੰ ਵਾਪਸ ਕਰ ਦੇਵੇ, ਤਾਂ ਕਿ ਉਸ ਤੋਂ ਪ੍ਰਾਪਤ ਹੋਏ ਸੂਦ ਦੀ ਰਕਮ ਹੋਰ ਵਧੇਰੇ ਮਿਲ ਸਕੇ ।

## ਪੱਕੇ ਫੰਡਾਂ ਲਈ ਅਪੀਲ :

ਮੇਰੀ ਆਪ ਸਭ ਅਗੇ ਸਨਿਮਰ ਬੇਨਤੀ ਅਤੇ ਅਪੀਲ ਹੈ ਕਿ ਕਮੇਟੀ ਦੇ ਪਕੇ ਫੰਡਾਂ ਨੂੰ ਵਧੇਰੇ ਮਜ਼ਬੂਟ ਕਰਨ ਲਈ ਵਧ ਚੜ੍ਹ ਕੇ, ਨੈਸ਼ਨਲ ਫੰਡ ਲਈ ਕੀਤੀ ਜਾ ਰਹੀ ਅਪੀਲ ਸਮੇਂ, ਮਾਇਆ ਦੇ ਗੱਫੇ ਦੇ ਕੇ ਗੁਰੂ ਮਹਾਰਾਜ ਅਤੇ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣੀ ਕਿਰਤ ਕਮਾਈ ਸਫਲ ਕਰੋ । ਆਪ ਵਲੋਂ ਪ੍ਰਦਾਨ ਕੀਤੀ ਰਕਮ ਸ਼ੁਭ ਕਾਰਜ ਜਾਂ ਆਪ ਵਲੋਂ ਨਿਸਚਿਤ ਕੀਤੇ ਕਾਰਜਾਂ ਲਈ ਹੀ ਵਰਤੀ ਜਾਵੇਗੀ । ਹੋਣਹਾਰ, ਮਿਹਨਤੀ ਅਤੇ ਲੋੜਵੰਦ ਗੁਰਸਿਖ ਵਿਦਿਆਰਥੀਆਂ ਨੂੰ ਉਚੇਰੀ ਵਿਦਿਆ ਪ੍ਰਾਪਤ ਕੀਤੇ ਜਾਣ ਲਈ ਵੀ ਆਪ ਦੀ ਇਛਿਆ ਅਨੁਸਾਰ ਵਜ਼ੀਫੇ ਮੋੜਵੇਂ ਜਾਂ ਨਾ-ਮੋੜਵੇਂ ਦਿਤੇ ਜਾ ਸਕਦੇ ਹਨ ।

## ਸਹਿਜਧਾਰੀ ਸਿੱਖ ਕਾਨਫ੍ਰੰਸ :

ਜਿਸ ਤਰ੍ਹਾਂ ਧਾਰਮਿਕ ਦੀਵਾਨ, ਕੀਰਤਨ ਦਰਬਾਰ ਅਤੇ ਕਵੀ ਦਰਬਾਰ ਐਜੂਕੇਸ਼ਨਲ ਕਾਨਫ੍ਰੰਸਾਂ ਦੇ ਜ਼ਰੂਰੀ ਤੇ ਅਟੁਟ ਅੰਗ ਹਨ, ਇਸੇ ਤਰ੍ਹਾਂ ਸਾਨੂੰ ਪ੍ਰਸੰਨਤਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਸਹਿਜਧਾਰੀ ਕਾਨਫ੍ਰੰਸ ਵੀ ਇਨ੍ਹਾਂ ਸਮਾਗਮਾਂ ਦਾ ਇਕ ਜ਼ਰੂਰੀ ਅੰਗ ਬਣ ਗਈ ਹੈ । ਸਮੇਂ ਦੀ ਮੰਗ ਹੈ ਕਿ ਅਸੀਂ ਵਧ ਤੋਂ ਵਧ ਸਹਿਜਧਾਰੀ ਵੀਰਾਂ ਦੀ ਮਿਲਵਰਤਣ ਨਾਲ ਸਹਿਜਧਾਰੀ ਕਾਨਫ੍ਰੰਸਾਂ ਨੂੰ ਵਧੇਰੇ ਪ੍ਰਫੁਲਤ ਕਰਕੇ ਅਜੋਕੇ ਹਾਲਾਤ ਅਨੁਸਾਰ ਪਏ ਪਾੜ ਨੂੰ ਦੂਰ ਕਰ ਦਈਏ ।

## ਕਮੇਟੀ ਦਾ ਭਵਿੱਖ

ਐਜੂਕੇਸ਼ਨਲ ਕਮੇਟੀ ਅਤੇ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਭਵਿੱਖ ਉਜਲ ਰਹੇਗਾ। ਭਾਵੇਂ ਵਿਦਿਆ ਦੇ ਪਰਸਾਰ ਲਈ ਸਰਕਾਰ ਨੇ ਬਹੁਤ ਸਾਰਾ ਕੰਮ ਸੰਭਾਲ ਲਿਆਂ ਹੈ ਕਿਉਂਕਿ ਸਕੂਲਾਂ ਅਤੇ ਕਾਲਜਾਂ ਨੂੰ 95% ਗਰਾਂਟ ਦਿਤੀ ਜਾ ਰਹੀ ਹੈ। ਪਰ ਸਮਾਜ ਵਿਚ ਧਾਰਮਿਕ ਅਤੇ ਸੰਸਕ੍ਰਿਤਕ ਆਸ਼ਿਆਂ ਦੇ ਪਰਚਾਰ ਦੀ ਆਜ਼ਾਦੀ ਹੈ। ਜਿਥੇ ਗਿਆਨ ਅਤੇ ਵਿਗਿਆਨ ਸਰਬ ਸਾਂਝਾ ਹੈ ਉਥੇ ਹਰ ਉਚੀ ਸਭਿਤਾ ਵਾਲੀ ਕੌਮ ਆਪਣੇ ਮਾਨਵ ਦਰਸ਼ਨ ਰਾਹੀਂ ਸਮਾਜ ਅਤੇ ਕੌਮ ਨੂੰ ਉੱਨਤ ਕਰ ਸਕਦੀ ਹੈ। ਭਾਵੇਂ ਸਰਕਾਰ ਨੇ ਵਿਦਿਅਕ ਵਿਧੀ ਥਾਪਣੀ ਹੈ ਪਰ ਉਸ ਦੇ ਨਾਲ ਨਾਲ ਕੌਮੀ ਅਤੇ ਧਾਰਮਿਕ ਸੰਸਥਾਵਾਂ, ਧਾਰਮਿਕ ਅਧਿਆਤਮਿਕ ਅਤੇ ਸੰਸਕ੍ਰਿਤਕ ਆਸ਼ਿਆ ਦੇ ਪ੍ਰਚਾਰ ਤੋਂ ਆਪਣੇ ਆਪ ਨੂੰ ਵਾਂਝੇ ਰਖਕੇ ਕੌਮ ਨੂੰ ਕਈ ਦਾਤਾਂ ਤੋਂ ਮਹਿਰੂਮ ਕਰਨਗੀਆਂ, ਇਸ ਕਰਕੇ ਸਿੱਖ ਵਿਦਿਅਕ ਕਾਨਫ੍ਰੰਸ ਦੀ ਭਵਿਖ ਵਿਚ ਵੀ ਲੋੜ ਅਤੇ ਸਥਾਨ ਹੈ, ਉਸ ਦੀਆਂ ਰੁਚੀਆਂ ਅਤੇ ਆਸ਼ੇ ਨਵੇਂ ਕਾਲ ਦੀ ਲੋੜ ਦੇ ਅਨਕੂਲ ਮਿਥ ਲੈਂਣੇ ਚਾਹੀਦੇ ਹਨ।

## ਖਿਮਾ ਦੀ ਮੰਗ ਅਤੇ ਧੰਨਵਾਦ :

ਇਸ ਸਾਲਾਨਾ ਰੀਪੋਰਟ ਵਿਚ ਜੋ ਪਾਠਕਾਂ ਜਾਂ ਦਾਨੀ ਵੀਰਾਂ ਨੂੰ ਕੋਈ ਭੁਲ ਨਜ਼ਰ ਆਵੇ ਤਾਂ "ਭੁਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰੁ" ਦੇ ਮਹਾਂਵਾਕ ਅਨੁਸਾਰ ਖਿਮਾ ਬਖ਼ਸ਼ਦੇ ਹੋਏ ਸੇਵਕਾਂ ਨੂੰ ਗਿਆਤ ਕਰਨ ਦੀ ਕਿਰਪਾਲਤਾ ਕਰਨ ਤਾਂ ਜੋ ਅਗੇ ਤੋਂ ਸੁਚੇਤ ਰਿਹਾ ਜਾਵੇ। ਸਵਾਗਤ ਕਮੇਟੀ ਦਾ, ਉਸ ਦੀ ਅਣਥੱਕ ਸੇਵਾ ਲਈ, ਅਤੇ ਐਜੂਕੇਸ਼ਨਲ ਕਮੇਟੀ, ਚੀਫ ਖਾਲਸਾ ਦੀਵਾਨ, ਨੂੰ ਸੁਚੱਜੀ ਅਗਵਾਈ ਬਖ਼ਸ਼ਣ ਵਾਲੇ ਅਥਵਾ ਕਾਨਫ੍ਰੰਸ ਲਈ ਤਨ, ਮਨ, ਧਨ ਰਾਹੀਂ ਸੇਵਾ ਕਰਨ ਵਾਲੇ ਸਮੂੰਹ ਹਿਤੈਸ਼ੀਆਂ ਦਾ ਦਿਲੀ ਧੰਨਵਾਦ ਕਰਦਾ ਹਾਂ। ਮੈਂ ਆਪਣੇ ਕਰਤੱਵ ਵਿਚ ਕੋਤਾਹੀ ਕਰਾਂਗਾ ਜੇਕਰ ਮੈਂ ਸੁਆਗਤ ਕਮੇਟੀ ਦੇ ਮੁਖੀ ਸੱਜਣਾਂ ਜਸਟਿਸ ਹਰਬੰਸ ਸਿੰਘ ਜੀ, ਸ: ਜੋਗਿੰਦਰ ਸਿੰਘ ਸਾਹਣੀ, ਸ: ਸਤਨਾਮ ਸਿੰਘ ਚਾਵਲਾ, ਸ: ਪਰਮਪਾਲ ਸਿੰਘ ਅਤੇ ਹੋਰ ਪ੍ਰਤਿਸ਼ਟ ਮੈਂਬਰ ਸਾਹਿਬਾਨ ਤੇ ਸੱਜਨਾਂ ਦਾ ਦਿਲੋਂ ਧੰਨਵਾਦ ਨਾ ਕਰਾਂ ਜਿਨਾਂ ਨੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕਢ ਕੇ ਪਿਛਲੀ ਕਾਨਫ੍ਰੰਸ, ਸਮੇਂ ਦਰਸ਼ਨ ਦੇਕੇ ਸੁਚੱਜੀ ਅਗਵਾਈ ਤੇ ਨਿੱਘਾ ਸਹਿਯੋਗ ਬਖ਼ਸ਼ਿਆ ਸੀ। ਮੈਂ ਵਿਦੇਸ਼ਾ ਤੋਂ ਆਏ ਸਜਣਾਂ ਜਸਟਿਸ ਮੋਤਾ ਸਿੰਘ, ਸ: ਫੁਲੇਲ ਸਿੰਘ, ਸ: ਸ਼ਮਸ਼ੇਰ ਸਿੰਘ ਦਾ ਵੀ ਰਿਣੀ ਹਾਂ ਜਿਨ੍ਹਾਂ ਏਨਾਂ ਲੰਬਾ ਪੈਂਡਾ ਸਫਰ ਦਾ ਕਰਕੇ ਏਥੇ ਦਰਸ਼ਨ ਦਿਤੇ ਅਤੇ ਕਾਨਫ੍ਰੰਸ ਦੀ ਰੌਣਕ ਨੂੰ ਵਧਾਇਆ। ਮੈਂ ਸਹਿਜਧਾਰੀ ਕਾਨਫ੍ਰੰਸ ਦੇ ਮੁਖੀ ਪਰਬੰਧਕਾਂ ਅਤੇ ਇਸਤਰੀ ਕਾਨਫ੍ਰੰਸ, ਸਿੱਖ ਪਬਲਿਕ ਸਕੂਲਜ਼ ਕਾਨਫ੍ਰੰਸ ਅਤੇ ਕੀਰਤਣ ਦਰਬਾਰ ਦੇ ਮੁਕਾਬਲਿਆਂ ਲਈ ਭਾਈ ਅਸ਼ੋਕ ਸਿੰਘ ਜੀ ਬਾਗੜੀਆਂ ਅਤੇ ਸੰਤ ਕਰਤਾਰ ਸਿੰਘ ਜੀ ਕਮਾਲੀਆ ਦਾ ਰਿਣੀ ਹਾਂ ਅਤੇ ਦਿਲੋਂ ਧੰਨਵਾਦ ਕਰਦਾ ਹਾਂ।

ਮੈਂ ਸ: ਕਿਰਪਾਲ ਸਿੰਘ ਜੀ, ਪ੍ਰਧਾਨ, ਚੀਫ਼ ਖ਼ਾਲਸਾ ਦੀਵਾਨ, ਸ: ਸੰਤ ਸਿੰਘ ਜੀ, ਆਨਰੇਰੀ ਸਕੱਤਰ ਚੀਫ਼ ਖ਼ਾਲਸਾ ਦੀਵਾਨ ਅਤੇ ਐਜੂਕੇਸ਼ਨਲ ਕਮੇਟੀ ਅਤੇ ਸਮੂੰਹ ਮੈਂਬਰ ਸਾਹਿਬਾਨ ਐਜੂਕੇਸ਼ਨਲ ਕਮੇਟੀ ਅਤੇ ਚੀਫ ਖ਼ਾਲਸਾ ਦੀਵਾਨ ਦਾ ਵੀ ਧੰਨਵਾਦੀ ਹਾਂ ਜਿਹਨਾਂ ਮੈਨੂੰ ਸਮੇਂ ਸਮੇਂ ਐਜੂਕੇਸ਼ਨਲ ਕਮੇਟੀ ਦੇ ਕਾਰਜਾਂ ਤੇ ਕਾਨਫਰੰਸ ਦੀ ਸਫਲਤਾ ਲਈ ਅਗਵਾਈ ਬਖਸ਼ੀ।

ਮੈਂ ਅੰਤ ਵਿਚ ਸੰਤ ਤੀਰਥ ਸਿੰਘ ਜੀ ਚੇਅਰਮੈਨ ਸੁਆਗਤ ਕਮੇਟੀ ਅਤੇ ਮੈਂਬਰਾਨ ਸੁਆਗਤ ਕਮੇਟੀ, ਲੈਫ: ਜਨਰਲ ਜਗਜੀਤ ਸਿੰਘ ਜੀ ਅਰੋੜਾ, ਕੈਪਟਨ ਅਮਰਿੰਦਰ ਸਿੰਘ ਜੀ, ਬਾਬਾ ਮਧੂਸੂਦਨ ਸਿੰਘ ਬੇਦੀ ਅਤੇ ਕਾਨਫਰੰਸ ਵਿਚ ਸ਼ਾਮਲ ਹੋਈਆਂ ਸੰਗਤਾਂ ਦਾ ਵੀ ਦਿਲੋਂ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਆਪਣੀ ਹਾਜ਼ਰੀ ਭਰ ਕੇ ਕਾਨਫਰੰਸ ਦੀ ਰੌਣਕ ਵਧਾਈ।

**ਪੰਥ ਸੇਵਕ**

ਭਾਗ ਸਿੰਘ "ਅਣਖੀ"

ਅਡੀਸ਼ਨਲ ਆਨਰੇਰੀ ਸਕੱਤਰ,

ਐਜੂਕੇਸ਼ਨਲ ਕਮੇਟੀ ( ਚੀ: ਖਾ: ਦੀ: ) ਅੰਮ੍ਰਿਤਸਰ।

# 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ

## ਚੰਡੀਗੜ੍ਹ ਦੀਆਂ ਝਲਕੀਆਂ ਅਤੇ ਸੰਖੇਪ ਰਿਪੋਰਟ ।

ਪੂਰੇ 15 ਸਾਲਾਂ ਉਪਰੰਤ ਕੁਦਰਤ ਦੀ ਗੋਦ ਵਿਚ ਨਵ ਜਨਮੇ, ਪਲੇ, ਅਤਿ ਰਮਨੀਕ ਅਤੇ ਸੁੰਦਰ ਸ਼ਹਿਰ ਚੰਡੀਗੜ੍ਹ, ਪੰਜਾਬ ਦੀ ਰਾਜਧਾਨੀ ਨੂੰ ਇਹ ਸੁਭਾਗ ਦੂਜੀ ਵਾਰੀ ਪਰਾਪਤ ਹੋਇਆ ਕਿ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦਾ ਸਮਾਗਮ ਇਥੇ ਕੀਤਾ ਗਿਆ । ਪਹਿਲੀ ਵਾਰੀ ਕਾਨਫ੍ਰੰਸ ਦਾ 47ਵਾਂ ਸਮਾਗਮ 25 ਤੋਂ 27 ਫਰਵਰੀ, 1966 ਵਿਚ ਹੋਇਆ ਜਿਸ ਦੀ ਪਰਧਾਨਗੀ ਭਾਰਤ ਸਰਕਾਰ ਦੇ ਬਦੇਸ਼ ਮੰਤਰੀ ਸਰਦਾਰ ਸਵਰਨ ਸਿੰਘ ਜੀ ਨੇ ਕੀਤੀ ਅਤੇ ਇਸ ਵਾਰੀ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ 13, 14, ਅਤੇ 15 ਮਾਰਚ 1981 ਨੂੰ ਹੋਈ ਜਿਸ ਦੀ ਪਰਧਾਨਗੀ ਬਦੇਸ਼ਾਂ ਵਿਚ ਰਹਿੰਦੇ ਇਕ ਉਚ ਕੋਟੀ ਦੇ ਗੁਰਸਿੱਖ ਸਰਦਾਰ ਗੰਗਾ ਸਿੰਘ ਢਿੱਲੋਂ ਵਾਸ਼ਿੰਗਟਨ ਨਿਵਾਸੀ ਤੋਂ ਕਰਾਈ ਗਈ ।

ਚਿਰ ਉਡੀਕਾਂ ਦੀਆਂ ਘੜੀਆਂ ਆ ਪਹੁੰਚੀਆਂ, ਸੱਧਰਾਂ ਅਤੇ ਰੀਝਾਂ ਦੀ ਘੜੀ ਪੁੱਗੀ ਜਦ ਚੰਡੀਗੜ੍ਹ ਦੇ ਪੰਥ ਸੇਵਕਾਂ ਨੇ ਅਕਾਲ ਪੁਰਖ ਵਾਹਿਗੁਰੂ ਦੀ ਓਟ ਅਤੇ ਮਿਹਰ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ 11 ਮਾਰਚ, 1981 ਨੂੰ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਚੰਡੀਗੜ੍ਹ ਇਸਤਰੀ ਸਤਸੰਗ ਦੇ ਸਹਿਯੋਗ ਨਾਲ ਆਰੰਭ ਕੀਤਾ ਅਤੇ 13 ਮਾਰਚ, 1981 ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ! ਭਾਈ ਬਖਸ਼ੀਸ਼ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਆਸਾ ਦੀ ਵਾਰ ਦੇ ਸੰਪੂਰਨ ਪਾਠ ਦਾ ਭੋਗ ਪਾਇਆ ਅਤੇ ਆਪਣੇ ਰਸ ਭਿੰਨੇ ਤੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ! ਪ੍ਰੋਫੈਸਰ ਕਰਤਾਰ ਸਿੰਘ ਹੁਸ਼ਿਆਰਪੁਰ ਵਾਲੇ ਨੇ ਕਾਨਫ੍ਰੰਸ ਸਮਾਗਮ ਦੀ ਸਫਲਤਾ ਲਈ ਰਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਸਮਾਪਤੀ ਉਪਰੰਤ ਅਰਦਾਸ ਕੀਤੀ ਅਤੇ ਮੰਗ ਕੀਤੀ ਕਿ ਹੇ ਅਕਾਲ ਪੁਰਖ ! ਪੰਥ ਦੇ ਇਸ ਨਿਰਮਾਣ ਜਥੇ ਚੀਫ ਖਾਲਸਾ ਦੀਵਾਨ ਵਲੋਂ ਅਤੇ ਸੁਆਗਤੀ ਕਮੇਟੀ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ, ਜੋ ਅੱਜ ਆਪ ਜੀ ਦੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਜਾਰੀ ਕੀਤੀ ਜਾ ਰਹੀ ਹੈ, ਉਸ ਵਿਚ ਸਫਲਤਾ ਬਖਸ਼ੀਂ ਅਤੇ ਆਪਣੇ ਬੱਚੇ ਜਾਣ ਕੇ ਤਰੁੱਟੀਆਂ ਨੂੰ ਨਾ ਦੇਖਦੇ ਹੋਏ ਮੇਹਰਾਂ ਭਰਿਆ ਹੱਥ ਰੱਖ ਕੇ ਕਾਨਫ੍ਰੰਸ ਨੂੰ ਨੇਪਰੇ ਚ੍ਹਾੜਨਾ । ਇਸ ਧਾਰਮਿਕ ਦੀਵਾਨ ਦਾ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦਾ ਸਾਰਾ ਪ੍ਰਬੰਧ ਇਸਤਰੀ ਸਤਿ ਸੰਗ ਵਲੋਂ ਕੀਤਾ ਗਿਆ । ਖੁਸ਼ੀ ਦੀ ਗਲ ਜੋ ਵਰਨਣ ਯੋਗ ਹੈ, ਉਹ ਇਹ ਸੀ ਕਿ ਬੀਬੀਆਂ ਨੇ ਹੀ

ਸਾਰੇ ਅਖੰਡ ਪਾਠ ਸਾਹਿਬ ਦਾ ਪਾਠ ਆਪ ਹੀ ਰਲ ਕੇ ਕੀਤਾ ਅਤੇ ਨਿਰੰਤਰ ਭੋਗ ਦੀ ਸੇਵਾ ਉਹਨਾਂ ਨੇ ਹੀ ਨਿਭਾਈ। ਗੁਰੂ ਮਹਾਰਾਜ ਤੋਂ ਹੁਕਮ ਅਤੇ ਫੁਰਮਾਨ ਆਇਆ :

ਸੋਰਠ ਮਹਲਾ 4

ਗੁਰੂ ਪੂਰੇ ਚਰਨੀ ਲਾਇਆ
ਹਰਿ ਸੰਗ ਸਹਾਈ ਪਾਇਆ ।

ਸਰਦਾਰ ਜੋਗਿੰਦਰ ਸਿੰਘ ਸਾਹਣੀ ਜਨਰਲ ਸਕੱਤਰ ਨੇ ਪਰੋਗਰਾਮ ਬਾਰੇ ਜਾਣਕਾਰੀ ਦਿਤੀ ਅਤੇ ਇਸਤਰੀ ਸਤਿਸੰਗ ਵਲੋਂ ਦਿਤੇ ਗਏ ਸਹਿਯੋਗਦੀ ਪਰਸੰਸਾ ਕੀਤੀ । ਦੀਵਾਨ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਸਨ ਅਤੇ ਹਰ ਪਰਾਨੀ ਵਿਚ ਕਾਨਫ੍ਰੰਸ ਨੂੰ ਸਫਲ ਬਨਾਉਣ ਦਾ ਚਾਅ ਦਿਸ ਰਿਹਾ ਸੀ । ਦੀਵਾਨ ਦੀ ਸਮਾਪਤੀ ਸਾਢੇ ਨੌਂ ਵਜੇ ਹੋ ਗਈ ।

## ਸਹਿਜਧਾਰੀ ਕਾਨਫ੍ਰੰਸ :

ਸਹਿਜਧਾਰੀ ਕਾਨਫ੍ਰੰਸ ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਦੇ ਇਕੱਤਰਤਾ ਹਾਲ ਵਿਚ ਸਾਢੇ ਦਸ ਵਜੇ ਸਵੇਰ ਤੋਂ ਸਾਡੇ ਬਾਰਾਂ ਵਜੇ ਦੁਪਹਿਰ ਤਕ ਹੋਈ । ਸਹਿਜਧਾਰੀ ਕਾਨਫ੍ਰੰਸ ਦੀ ਇਸ ਵਾਰੀ ਖਾਸ ਅਤੇ ਵਿਸ਼ੇਸ ਮਹੱਤਤਾ ਸੀ ਅਤੇ ਬੜੇ ਉਤਸ਼ਾਹ ਨਾਲ ਸਹਿਜਧਾਰੀ ਵੀਰਾਂ ਵਲੋਂ ਮਨਾਈ ਗਈ । ਇਹ ਕਾਨਫ੍ਰੰਸ ਸ੍ਰੀ ਮਾਨ ਮਹੰਤ ਬਿਹਾਰੀ ਲਾਲ ਜੀ ਕੈਥਲ ਵਾਲੇ ਦੀ ਪਰਧਾਨਗੀ ਹੇਠ ਹੋਈ । ਇਸ ਕਾਨਫ੍ਰੰਸ ਦੇ ਕਨਵੀਨਰ ਸਰਦਾਰ ਗੁਰਬਖਸ਼ ਸਿੰਘ ਗਿਆਨੀ ਸਨ । ਪਰਧਾਨ ਜੀ ਆਪਣੇ ਕਈ ਸੇਵਕਾਂ ਨਾਲ ਕਾਨਫ੍ਰੰਸ ਵਿਚ ਭਾਗ ਲੈਣ ਲਈ ਸ਼ਾਮਲ ਹੋਏ। ਕਾਨਫ੍ਰੰਸ ਦਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਮਹੰਤ ਗੋਪਾਲ ਸਿੰਘ ਜੀ ਦੇ ਆਰੰਭਕ ਅਰਦਾਸੇ ਨਾਲ ਹੋਇਆ। ਪੰਡਤ ਕਿਸ਼ੋਰੀ ਲਾਲ ਜੀ ਨੇ ਮਿਠੀ ਸੁਰ ਤੇ ਸਿਦਕ ਨਾਲ ਸ਼ਬਦ ਗਾਇਣ ਕੀਤੇ । ਭਾਈ ਜੱਸ ਰਾਮ ਜਨਰਲ ਸਕੱਤਰ ਸਰਬ ਹਿੰਦ ਸਹਿਜਧਾਰੀ ਸੰਸਥਾ ਜਲੰਧਰ ਨੇ ਭਾਸ਼ਨ ਵਿਚ ਕਿਹਾ ਕਿ ਸਹਿਜਧਾਰੀ ਸੰਪਰਦਾ ਸਿੱਖ ਪੰਥ ਦਾ ਇੱਕ ਅਟੁੱਟ ਅੰਗ ਹੈ ਅਤੇ ਸਿੱਖ ਕੌਮ ਦੀ ਪਨੀਰੀ ਹੈ । ਉਨ੍ਹਾਂ ਨੇ ਸਹਿਜਧਾਰੀਆਂ ਬਾਰੇ ਇਤਿਹਾਸ ਨੂੰ ਲਕੀਰਦੇ ਹੋਏ ਦਸਿਆ ਕਿ ਕਿਵੇਂ ਹਜ਼ਾਰਾਂ ਸਹਿਜਧਾਰੀ ਵੀਰਾਂ ਨੇ ਸ਼ਹੀਦੀਆਂ ਪਾਈਆਂ ਪਰ ਧਰਮ ਨੂੰ ਨਹੀ ਛੱਡਿਆ । ਕਿਵੇਂ ਸਹਿਜਧਾਰੀ ਵੀਰ ਦਸਮ ਪਾਤਸ਼ਾਹ ਜੀ ਦਾ ਅੰਮ੍ਰਿਤ ਪਾਨ ਕਰਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ ਹਨ ਅਤੇ ਉਹਨਾਂ ਦੇ ਸਪੁੱਤਰ ਸਿੰਘ ਹਨ । ਉਨ੍ਹਾਂ ਨੇ ਗਿੱਲਾ ਕੀਤਾ ਕਿ ਸਹਿਜਧਾਰੀ ਵੀਰ ਤਾਂ ਸਹਿਜੇ ਸਹਿਜੇ ਸਿੰਘ ਸਜਦੇ ਰਹੇ ਹਨ ਪਰ ਹੁਣ ਪੰਥ ਸਹਿਜੇ ਸਹਿਜੇ ਉਹਨਾਂ ਨੂੰ ਛੋੜੀ ਜਾ ਰਿਹਾ ਹੈ । ਸਹਿਜਧਾਰੀ ਸਿੱਖਾਂ ਦੀ ਪੰਥ ਨੂੰ ਸੰਭਾਲ ਕਰਨੀ ਚਾਹੀਦੀ ਹੈ ਤੇ ਉਹਨਾਂ ਨੂੰ ਪੰਥ ਵਲੋਂ ਵਿਸਰਨਾ ਨਹੀਂ ਚਾਹੀਦਾ । ਉਨ੍ਹਾਂ ਦਾ ਭਾਸ਼ਨ ਪ੍ਰਭਾਵਸ਼ਾਲੀ ਸੀ ਤੇ ਹੇਠ ਲਿਖਿਆਂ ਮਤਾ ਪੇਸ਼ ਕੀਤਾ ਜੋ ਜੈ ਕਾਰਿਆਂ ਦੀ ਗੂੰਜ ਨਾਲ ਭਗਤ ਜਸਵੰਤ ਸਿੰਘ ਜੀ ਦੀ ਪਰੋੜਤਾ ਨਾ ਲ ਪਾਸ ਕੀਤਾ ਗਿਆ : -

''ਅੱਜ 13/3/1981 ਨੂੰ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਚੰਡੀਗੜ੍ਹ ਸਹਿਜਧਾਰੀ ਸਿੱਖ ਕਾਨਫ੍ਰੰਸ ਦੀ ਸਾਧ ਸੰਗਤ ਦੇ ਇਕੱਠ ਵਲੋਂ ਇਹ ਵੀਚਾਰ ਪਰਗਟ ਕੀਤੇ ਜਾਂਦੇ ਹਨ ਕਿ ਸਹਿਜਧਾਰੀ ਸਿੱਖ ਗੁਰੂ ਨਾਨਕ ਨਾਮ ਲੇਵਾ ਹਨ ਤੇ ਗੁਰਬਾਣੀ ਉਪਰ ਵਿਸ਼ਵਾਸ਼ ਰਖਦੇ ਹਨ । ਸਹਿਜਧਾਰੀ ਸਿੱਖ ਪੰਥ ਦਾ ਇਕ ਅਨਿਖੜਵਾਂ ਅੰਗ ਹੈ, ਸਦਾ ਰਿਹਾ ਹੈ ਤੇ ਸਦਾ ਰਹੇਗਾ ਅਤੇ ਸਰਬ ਸਹਿਜਧਾਰੀਆਂ ਨਾਲ ਉਹੀ ਵਿਵਹਾਰ ਕੀਤਾ ਜਾਵੇ ਜੋ ਕੇਸਾ ਧਾਰੀਆਂ ਨਾਲ ਕੀਤਾ ਜਾਂਦਾ ਹੈ । ''

ਭਾਈ ਭਗਤ ਰਾਮ ਜੀ ਨੇ ਪੰਥ ਨੂੰ ਹਲੂਣਾਂ ਦਿੰਦਿਆ ਆਪਣੇ ਭਾਸ਼ਨ ਵਿਚ ਕਿਹਾ ਕਿ ਸਹਿਜਧਾਰੀ ਸਿੱਖ ਪੰਥ ਦੀ ਨਰਸਰੀ ਹਨ, ਜਿਸ ਦੀ ਸੰਭਾਲ ਕਰਨੀ ਲਾਜਮੀ ਹੈ ਤੇ ਪੰਥ ਨੂੰ ਵਧੇਰੇ ਧਿਆਨ ਸਹਿਜਧਾਰੀ ਸਿੰਘਾਂ ਵਲ ਦੇਣਾ ਚਾਹੀਦਾ ਹੈ । ਮਹੰਤ ਗੋਪਾਲ ਸਿੰਘ ਜੀ ਦਾ ਭਾਸ਼ਣ ਵਿਦਵਤ ਭਰਪੂਰ ਸੀ। ਉਨ੍ਹਾਂ ਨੇ ਕਿਹਾ ਕਿ ਭਾਈ ਘਨੱਈਆ ਜੀ ਤੋਂ ਸੇਵਾ ਪੰਥੀ ਸੰਪਰਦਾ

ਚਲੀ ਆ ਰਹੀ ਹੈ ਅਤੇ ਥਾਂ ਥਾਂ ਤੇ ਡੇਰੇ ਖਾਲਸਾ ਪੰਥ ਦੀ ਸੇਵਾ ਕਰ ਰਹੇ ਹਨ । ਅਸਲ ਵਿਚ ਸਹਿਜਧਾਰੀ ਸੰਪਰਦਾ ਮੂਲ ਤੇ ਮੁੱਢ ਹੈ ਤੇ ਇਹ ਤਾਂ ਹੀ ਪਰਫੁਲਤ ਹੋ ਸਕਦਾ ਹੈ ਜੇ ਖਾਲਸਾ ਪੰਥ ਇਸ ਦੀ ਸੰਭਾਲ ਕਰਦਾ ਰਹੇ । ਸ੍ਰੀ ਹਰੀਸ਼ ਸ਼ਾਸਤਰੀ, ਮਹੰਤ ਬਿਹਾਰੀ ਬਾਲ ਜੀ ਦੇ ਸੇਵਕ ਨੇ ਬੜਾ ਸੁਆਦਲਾ ਭਾਸ਼ਨ ਦਿਤਾ ਕਿ ਅਸੀਂ ਪੰਥ ਦਾ ਅੰਗ ਹਾਂ ਅਤੇ ਜਿਸ ਤਰਾਂ ਸਰੀਰ ਦਾ ਕੋਈ ਅੰਗ ਕੱਟ ਦਿਤਾ ਜਾਵੇ ਜਾਂ ਵੱਖ ਕਰ ਦਿਤਾ ਜਾਵੇ ਤੇ ਉਹ ਅਧੂਰਾ ਸਰੀਰ ਹੋ ਜਾਂਦਾ ਹੈ ਅਤੇ ਸਰੀਰ ਦਾ ਸੰਪੂਰਨ ਬਲ ਅੰਗਾਂ ਦੀ ਸਲਾਮਤੀ ਨਾਲ ਹੈ । ਅਸੀ ਪੰਥ ਦਾ ਅਟੁੱਟ ਅੰਗ ਹਾਂ ਸਾਨੂੰ ਵੱਖ ਨਾ ਕਰੋ ਅਤੇ ਆਪਣੇ ਅੰਗ ਭੰਗ ਨਾ ਕਰੋ । ਮਹੰਤ ਬਿਹਾਰੀ ਲਾਲ ਜੀ ਜੋ ਸੇਵਾ ਪੰਥੀ ਡੇਰਾ ਕੈਥਲ ਦੇ ਗਦੀ ਨਸ਼ੀਨ ਹਨ, ਨੇ ਆਪਣੇ ਪਰਧਾਨਗੀ ਭਾਸ਼ਨ ਵਿਚ ਗੁਰੂ ਉਸਤਤ ਦੇ ਕਈ ਸਲੋਕ ਪੜੇ, ਅਤੇ ਅਪੀਲ ਕੀਤੀ ਕਿ ਪੰਥ ਸਾਡੀ ਬਹੁੜੀ ਕਰੇ, ਸਹਿਜਧਾਰੀ ਪੰਜਾਬੀ ਪੜ੍ਹਨ ਤੇ ਗੁਰਬਾਣੀ ਦਾ ਪਾਠ ਅਤੇ ਨਿਤਨੇਮ ਕਰਨ, ਪਰ ਹਰਿਆਣਾ ਵਿਚ ਪੰਜਾਬੀ ਦੀ ਸਿਖਿਆ ਦਾ ਪਰਬੰਧ ਨਾ ਹੋਣ ਕਰਕੇ ਸਹਿਜਧਾਰੀਆ ਦਾ ਨਵਾਂ ਪੂਰ ਗੁਰਸਿੱਖੀ ਲਿੱਪੀ ਤੋਂ ਅਨਜਾਣ ਹੋਣ ਕਰਕੇ ਗੁਰਬਾਣੀ ਦਾ ਪਾਠ ਨਹੀਂ ਕਰ ਸਕਦੇ ਜਿਸ ਕਰਕੇ ਸਰਧਾਲੂਆਂ ਦੀ ਗਿਣਤੀ ਘਟੀ ਜਾ ਰਹੀ ਹੈ । ਇਨ੍ਹਾਂ ਅਪੀਲ ਕੀਤੀ ਕਿ ਹਰਿਆਣਾ ਵਿਚ ਵੀ ਪੰਜਾਬੀ ਗੁਰਮੁੱਖੀ ਲਿੱਪੀ ਵਿਚ ਦੂਜੀ ਭਾਸ਼ਾ ਕਰਾਰ ਦਿਤੀ ਜਾਣੀ ਚਾਹੀਦੀ ਹੈ । ਬਰਗੇਡੀਅਰ ਸਿਆਲੀ ਸਾਹਿਬ ਅਤੇ ਮੇਜਰ ਨੌਨਿਹਾਲ ਸਿੰਘ ਗਿਆਨੀ ਨੇ ਵੀ ਕਾਨਫੰਸ ਵਿਚ ਆਪਣੇ ਵਿਚਾਰ ਪਰਗਟਾਏ । ਸ : ਸੰਤ ਸਿੰਘ, ਆਨਰੇਰੀ ਸਕੱਤਰ, ਐਜੂਕੇਸ਼ਨਲ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਨੇ ਸਮਾਗਮ ਵਿਚ ਭਾਗ ਲੈ ਰਹੇ ਸਹਿਜਧਾਰੀ ਵੀਰਾਂ ਦਾ ਅਤੇ ਕਾਨਫ੍ਰੰਸ ਦੇ ਪਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੇ ਸਹਿਜਧਾਰੀ ਵੀਰਾਂ ਨੂੰ ਇੱਕ ਅਨਿਖੜਵਾਂ ਅੰਗ ਦਸਿਆ । ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ, ਅਨੰਦ ਸਾਹਿਬ ਜੀ ਦੇ ਪਾਠ ਉਪਰੰਤ ਕੀਤੀ ਗਈ ਅਤੇ ਕੜਾਹ ਪ੍ਰਸਾਦ ਵੰਡਿਆ ਗਿਆ । ਕਾਨਫ੍ਰੰਸ ਵਿਚ ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ ਵੀ ਸ਼ਾਮਲ ਹੋਏ ਪਰ ਗਲੇ ਦੀ ਖਰਾਬੀ ਕਾਰਨ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਨਾ ਕਰ ਸਕੇ ।

## ਇਸਤਰੀ ਕਾਨਫ੍ਰੰਸ :

ਕਾਨਫ੍ਰੰਸ ਪੰਡਾਲ ਦੇ ਅੱਧੇ ਹਿੱਸੇ ਵਿਚ ਇਸਤਰੀ ਕਾਨਫ੍ਰੰਸ ਦਾ ਸਮਾਗਮ ਆਰੰਭ ਹੋਇਆ । ਸਰਦਾਰਨੀ ਸਤਵੰਤ ਕੌਰ ਸੰਧੂ ਨੇ ਇਸ ਕਾਨਫ੍ਰੰਸ ਦੀ ਪਰਧਾਨਗੀ ਕੀਤੀ । ਸਰਦਾਰਨੀ ਪਰਮਪਾਲ ਸਿੰਘ ਨੇ ਇਸਤਰੀ ਕਾਨਫ੍ਰੰਸ ਦੀ ਸਆਗਤ ਕਮੇਟੀ ਦੇ ਪਰਧਾਨ ਦੇ ਤੌਰ ਤੇ ਸੇਵਾ ਨਿਭਾਈ । ਪੰਡਾਲ ਵਿਚ ਭਾਰੀ ਗਿਣਤੀ ਵਿਚ ਇਸਤਰੀਆ ਸ਼ਾਮਲ ਹੋਈਆਂ । ਸਾਰੇ ਪੰਡਾਲ ਵਿਚ ਚੰਡੀਗੜ੍ਹ ਦੀਆਂ ਪ੍ਰਸਿਧ ਹਸਤੀਆਂ ਦੀਆਂ ਸੁਪੱਤਨੀਆਂ ਅਤੇ ਸਰਦਾਰਨੀਆਂ ਨੇ ਕਾਨਫ੍ਰੰਸ ਵਿਚ ਭਾਗ ਲੈ ਕੇ ਇਸਤਰੀ ਕਾਨਫ੍ਰੰਸ ਨੂੰ ਵਿਚ ਚਾਰ ਚੰਨ ਲਾਏ । ਇਸਤਰੀ ਕਾਨਫ੍ਰੰਸ ਵਿਚ ਇਸਤਰੀਆਂ ਦੀ ਪ੍ਰਤੀਨਿਧਤਾ ਨੇ ਸਹਿਯੋਗ ਦਾ ਸਬੂਤ ਦਿਤਾ ।

ਸਰਦਾਰਨੀ ਸਤਵੰਤ ਕੌਰ ਸੰਧੂ ਪਰਧਾਨ ਕਾਨਫ੍ਰੰਸ ਦੇ ਆਗਮਨ ਤੇ ਉਹਨਾਂ ਨੂੰ ਸੇਹਰਿਆਂ ਨਾਲ ਲੱਦ ਦਿਤਾ ਗਿਆ ਅਤੇ ਜੈਕਾਰਿਆਂ ਦੀ ਗੂੰਜ ਨਾਲ ਸਵਾਗਤ ਕੀਤਾ ਗਿਆ । ਕਾਨਫ੍ਰੰਸ ਦੀ ਸਫਲਤਾ ਲਈ ਅਰਦਾਸ ਕੀਤੀ ਗਈ ਅਤੇ ਕਾਨਫ੍ਰੰਸ ਦੀ ਕਾਰਵਾਈ ਸ਼ਬਦ ਪੜ੍ਹਨ ਉਪਰੰਤ ਕੀਤੀ ਗਈ । ਗੁਰੂ ਨਾਨਕ ਪਬਲਿਕ ਸਕੂਲ ਦੀਆਂ 20 ਕੁ ਬਚੀਆਂ ਨੇ ਇਕ ਸੁਰ ਵਿਚ ਜੁੜ ਕੇ ਸੰਗੀਤਕ ਲੈਅ ਵਿਚ ਲੀਨ ਹੋ ਕੇ ਦੋ ਸ਼ਬਦਾਂ ਦਾ ਗਾਇਣ ਕੀਤਾ । ਸਰਦਾਰਨੀ ਪਰਮਪਾਲ ਸਿੰਘ ਨੇ ਆਪਣਾ ਸਵਾਗਤੀ ਭਾਸ਼ਨ ਪੜ੍ਹਿਆ ਅਤੇ ਪਰਧਾਨ ਜੀ ਨੂੰ ਜੀ ਆਇਆਂ ਕਿਹਾ। ਸਰਦਾਰਨੀ ਜੁਗਿੰਦਰ ਸਿੰਘ ਵਾਸੂ, ਸਰਦਾਰਨੀ ਉਤਮਜੀਤ ਕੌਰ, ਸਿਆਲੀ, ਪ੍ਰਿੰਸੀਪਲ ਮਿਸਜ ਆਤਮਾ ਰਾਮ, ਸਰਦਾਰਨੀ ਸੁਰਿੰਦਰ ਕੌਰ ਕੋਹਲੀ, ਸਰਦਾਰਨੀ ਪ੍ਰੀਤਮ ਕੌਰ ਨੇ ਕਾਨਫ੍ਰੰਸ ਵਿਚ ਇਸਤਰੀਆਂ ਵਲੋਂ ਪੁਰਖਾਂ ਨੂੰ ਦਿਤੇ ਗਏ ਸਹਿਯੋਗ ਅਤੇ ਅਜੋਕੀ ਇਸਤਰੀ ਵਰਗ ਦੀਆਂ ਔਕੜਾਂ ਅਤੇ ਮੰਗਾਂ ਦਾ ਵਰਨਣ ਕੀਤਾ । ਵਰਤਮਾਨ ਜੁਗ ਵਿਚ ਉਹ ਕਿਸ ਤਰਾਂ ਪ੍ਰਵਾਰ ਦੀ ਭਲਾਈ ਅਤੇ ਹੋਰ ਆਮਦਨ ਖਰਚ ਵਿਚ ਕਿਵੇਂ ਹਿੱਸਾ ਪਾ ਰਹੀਆਂ ਹਨ, ਅਤੇ ਆਪਣੀ ਜ਼ਿੰਮੇਵਾਰੀਆਂ ਨੂੰ ਉਜਾਗਰ ਕਰਦੀਆਂ ਹਨ। ਉਹਨਾਂ ਇਸ ਕਾਨਫ੍ਰੰਸ ਪੰਡਾਲ ਵਿਚ ਦਰਸਾਇਆ । ਪਰਧਾਨ ਜੀ

ਨੇ ਇਸਤਰੀਆਂ ਵਲੋਂ ਕੌਮ ਦੀ ਸੇਵਾ ਹਿਤ ਜੁਟਣ ਲਈ ਪਰੇਰਿਆ । ਕਾਨਫ੍ਰੰਸ ਵਿਚ ਬੀਬੀ ਰਜਿੰਦਰ ਕੌਰ ਜੌਹਰ, ਸਰਦਾਰਨੀ ਜੁਗਿੰਦਰ ਸਿੰਘ ਸਾਹਨੀ ਅਤੇ ਸਰਦਾਰਨੀ ਆਗਿਆਪਾਲ ਸਿੰਘ ਵਲੋਂ ਹੇਠ ਲਿਖੇ ਤਿੰਨ ਮਤੇ ਪਾਸ ਕੀਤੇ ਜਾਣ ਲਈ ਕਾਨਫ੍ਰੰਸ ਨੂੰ ਸਫਾਰਸ਼ ਕੀਤੀ ਗਈ : -

1) ਚੰਡੀਗੜ੍ਹ ਸ਼ਹਿਰ ਵਿਖੇ ਬਿਰਧ ਘਰ ਸਥਾਪਤ ਕੀਤਾ ਜਾਵੇ ਜਿਸ ਵਿਚ ਬਿਰਧ ਇਸਤਰੀਆਂ ਦੇ ਰਿਹਾਇਸ਼ ਅਤੇ ਹੋਰ ਰਹਿਣ ਸਹਿਣ ਦੇ ਯਗ ਪਰਬੰਧ ਕੀਤੇ ਜਾਣ ਤਾਂ ਕਿ ਉਹ ਇਕਠੀਆਂ ਬੈਠ ਕੇ ਆਪਣੇ ਦੁੱਖ ਸੁਖ ਖੋਲ੍ਹ ਕੇ ਦਿੱਲਾਂ ਦੀ ਹਵਾੜ ਕੱਢ ਸਕਨ । ਉਨ੍ਹਾਂ ਨੇ ਯੂ.ਟੀ. ਸਰਕਾਰ ਚੰਡੀਗੜ੍ਹ ਅੱਗੇ ਬੇਨਤੀ ਕੀਤੀ ਕਿ ਉਹ ਇਸ ਕੰਮ ਲਈ ਜ਼ਮੀਨ ਅਲਾਟ ਕਰਨ ;

2) ਸਿੱਖ ਕੌਮ ਵਿਚ ਵੱਧ ਰਹੀਆਂ ਤਰੁੱਟੀਆਂ ਪਰਚਲਤ ਹੋ ਗਈਆਂ ਹਨ ਜਿਵੇਂ ਕਿ ਫਜ਼ੂਲ ਰਸਮੋਂ ਰਿਵਾਜ਼, ਜੈਮਾਲਾ, ਭੰਗੜੇ, ਦਾਜ, ਸ਼ਰਾਬ ਦਾ ਖੁਲ੍ਹਾ ਸੇਵਨ ਆਦਿ ਵਰਤੋਂ ਦੀ ਵਿਰੋਧਤਾ ਕੀਤੀ ਜਾਵੇ ਜੋ ਗੁਰਮਤ ਦੇ ਉਲਟ ਹਨ । ਵਿਆਹ ਸ਼ਾਦੀਆਂ ਸਾਦੇ ਰਸਮੋਂ ਰਿਵਾਜ ਨਾਲ ਗੁਰਦੁਆਰਿਆਂ ਵਿਚ ਹੋਣ ਅਤੇ ਫ਼ਜ਼ੂਲ ਖਰਚੇ ਤੋਂ ਬਚਣਾ ਚਾਹੀਦਾ ਹੈ ;

3) ਕਾਨਫ੍ਰੰਸ ਦੀ ਪਰੰਪਰਾ ਅਨੁਸਾਰ ਚੰਡੀਗੜ੍ਹ ਵਿਖੇ ਨਿਰੋਲ ਬੱਚੀਆਂ ਅਤੇ ਲੜਕਿਆਂ ਲਈ ਖਾਲਸਾ ਮਾਡਲ ਸਕੂਲ ਖੋਲ੍ਹਿਆ ਜਾਵੇ ਜਿਸ ਵਿਚ ਧਾਰਮਿਕ ਅਤੇ ਸਾਹਿਤਕ ਵਿਦਿਆ ਦੇ ਨਾਲ ਨਾਲ ਦਸਤਕਾਰੀ ਆਦਿ ਸਿਖਾਉਣ ਦਾ ਪਰਬੰਧ ਹੋਵੇ ਤਾਂ ਕਿ ਹਰ ਬੱਚੀ ਆਪਣੇ ਪੈਰਾਂ ਤੇ ਖਲੋ ਸਕੇ ਅਤੇ ਪਰਵਾਰ ਦੀ ਆਰਥਕ, ਆਤਮਿਕ ਤੇ ਧਾਰਮਿਕ ਸਮੱਸਿਆਵਾਂ ਵਿੱਚ ਸਹਾਈ ਹੋ ਸਕੇ ।

ਕਾਨਫ੍ਰੰਸ ਸਕੱਤਰ ਵਲੋਂ ਆਈਆਂ ਬੀਬੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਸ਼ਬਦ ਗੁਰੂ ਨਾਨਕ ਪਬਲਿਕ ਸਕੂਲ ਦੀਆਂ ਬੱਚੀਆਂ ਨੇ ਪੜ੍ਹਿਆ ਤੇ ਅਰਦਾਸ ਉਪਰੰਤ ਇਸਤਰੀ ਕਾਨਫ੍ਰੰਸ ਸਮਾਪਤ ਹੋਈ ।

## ਸੁਆਗਤੀ ਲੰਚ :

ਸੁਆਗਤ ਕਮੇਟੀ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵਲੋਂ ਪਰਧਾਨ ਸਰਦਾਰ ਗੰਗਾ ਸਿੰਘ ਜੀ ਦੀ ਆਮਦ ਤੇ ਸੁਆਗਤ ਵਜੋਂ ਯੂਨੀਅਨ ਟੈਰੇਟਰੀ ਗੈਸਟ ਹਾਊਸ ਦੇ ਵਿਸ਼ਾਲ ਹਾਲ ਵਿਚ ਦੁਪਹਿਰ ਦੇ ਦੋ ਵਜੇ ਖਾਣਾ ਦਿਤਾ ਗਿਆ, ਜਿਸ ਵਿਚ ਪਰਦੇਸਾਂ ਤੋਂ ਆਏ ਡੈਲੀਗੇਟ ਜਸਟਿਸ ਮੋਤਾ ਸਿੰਘ, ਸ: ਕੁਲੇਲ ਸਿੰਘ (ਕੈਨੇਡਾ), ਸ: ਕੰਵਰ ਸਿੰਘ (ਤਹਿਰਾਨ) ਉਚੇਰੇ ਸਦਾ ਪੱਤਰ ਤੇ ਸ਼ਾਮਲ ਹੋਏ ਅਤੇ ਇਹਨਾਂ ਤੋਂ ਇਲਾਵਾ ਚੰਡੀਗੜ ਦੇ ਪ੍ਰਤਿਸ਼ਟ ਸਜਣ ਜਿਹਨਾਂ ਦੀ ਗਿਣਤੀ ਦੋ ਸੌ ਦੇ ਕਰੀਬ ਹੋਵੇਗੀ ਸ਼ਾਮਲ ਹੋਏ । ਚੰਡੀਗੜ੍ਹ ਦੇ ਚੀਫ ਕਮਿਸ਼ਨਰ ਸ: ਬੀ ਐਸ ਸਿਰਾਓ ਦਾ ਨਾਮ ਵਰਨਣ ਯੋਗ ਹੈ । ਲੰਚ ਉਪ੍ਰੰਤ ਪਰੈਸ ਰੀਪਟਰਜ਼ ਸਰਦਾਰ ਗੰਗਾ ਸਿੰਘ ਜੀ ਦਾ ਇੰਟਰਵਿਊ ਵੀ ਲੈਂਦੇ ਰਹੇ ਅਤੇ ਏਨੇ ਵਿਚ ਪਰਧਾਨ ਜੀ ਦੇ ਜਲੂਸ ਦੀ ਤਿਆਰੀ ਵੀ ਹੋ ਗਈ ।

## ਪਰਧਾਨਗੀ ਜਲੂਸ (ਮੋਟਰ - ਕੇਡ)

ਠੀਕ ਤਿੰਨ ਵਜੇ 54 ਕਾਰਾਂ ਦਾ ਕਾਫਲਾ ਜਲੂਸ ਦੀ ਸ਼ਕਲ ਵਿਚ ਚੰਡੀਗੜ੍ਹ ਗੈਸਟ ਹਾਊਸ ਤੋਂ ਕੱਢਿਆ ਗਿਆ । ਹਰ ਇੱਕ ਕਾਰ ਨੂੰ ਝੰਡੀਆਂ ਅਤੇ ਕਾਨਫ੍ਰੰਸ ਦੇ ਮਾਟੋ ਨਾਲ ਸਜਾਇਆ ਗਿਆ । ਜਲੂਸ ਦੀ ਅਗਵਾਈ ਮਟਰ ਸਾਈਕਲਾਂ ਤੇ ਸਕੂਟਰਾਂ ਤੇ ਸਵਾਰ ਨੌਜਵਾਨਾਂ ਨੇ ਕੀਤੀ, ਇਹਨਾਂ ਨੇ ਨੀਲੀਆਂ ਦਸਤਾਰਾਂ ਤੇ ਖੰਡੇ ਪਹਿਨੇ

ਹੋਏ ਸਨ । ਕਾਰਾਂ ਦੀ ਗਿਣਤੀ ਵੱਧ ਕੇ 66 ਹੋ ਗਈ । ਪਰਧਾਨ ਸ: ਗੰਗਾ ਸਿੰਘ ਜੀ ਨੂੰ ਖੁਲੀ ਜੀਪ ਜਿਸ ਵਿਚ ਸਰਦਾਰ ਹਰਬੰਸ ਸਿੰਘ ਚੀਫ਼ ਜਸਟਿਸ ਰੀਟਾਇਰਡ, ਚੇਅਰਮੈਨ ਸੁਆਗਤ ਕਮੇਟੀ, ਸਰਦਾਰ ਪਰਮਪਾਲ ਸਿੰਘ ਸੀਨੀਅਰ ਵਾਈਸ ਚੇਅਰਮੈਨ ਸੁਆਗਤ ਕਮੇਟੀ ਅਤੇ ਸੁਆਗਤ ਕਮੇਟੀ ਦੇ ਹੋਰ ਉੱਘੇ ਸੇਵਕ ਸਰਦਾਰ ਜੋਗਿੰਦਰ ਸਿੰਘ ਸਾਹਨੀ ਜਨਰਲ ਸਕੱਤਰ, ਸਰਦਾਰ ਸਤਨਾਮ ਸਿੰਘ ਚਾਵਲਾ ਸਕੱਤਰ, ਸਰਦਾਰ ਦਰਸ਼ਨ ਸਿੰਘ ਵਾਈਸ ਚੇਅਰਮੈਨ ਅਤੇ ਹੋਰ ਸੁਆਗਤ ਕਮੇਟੀ ਦੇ ਪ੍ਰਮੁਖ ਮੈਂਬਰ ਸਾਹਿਬਾਨ ਬੈਠੇ ਅਤੇ ਜੈਕਾਰਿਆਂ ਦੀ ਗੂੰਜ ਨਾਲ ਪਰਧਾਨ ਜੀ ਦਾ ਜਲੂਸ ਆਰੰਭ ਹੋਇਆ । ਸਰਦਾਰ ਸੰਤ ਸਿੰਘ ਕਾਨਫ੍ਰੰਸ ਦੇ ਜਨਰਲ ਸਕੱਤਰ ਵੀ ਜੀਪ ਵਿਚ ਸ਼ਸ਼ੋਭਤ ਸਨ । ਇਹ ਜਲੂਸ ਸੈਕਟਰ 7 ਅਤੇ 8 ਦੇ ਦਰਮਿਆਨ ਦੀ ਸੜਕ 18, 19, 20, 21, 22 ਅਤੇ 23 ਤੋਂ ਲੰਘਦਾ ਹੋਇਆ ਕ੍ਰਿਕਟ ਸਟੇਡੀਅਮ ਪਾਸ ਪੁੱਜਾ । ਸੈਕਟਰ 17 ਦੇ ਮੇਨ ਗੇਟ ਤੋਂ ਹੋ ਕੇ ਰੋਡ ਕਰਾਸ ਚੌਂਕ ਤੇ ਪੁੱਜ ਕੇ ਸੈਕਟਰ 15 ਮਧਿਆ ਮਾਰਗ ਪੁੱਜ ਕੇ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਠੀਕ ਚਾਰ ਵਜੇ ਕਾਨਫ੍ਰੰਸ ਪੰਡਾਲ ਪੁੱਜ ਗਿਆ ।

## ਝੰਡਾ ਲਹਿਰਾਉਣ ਦੀ ਰਸਮ

ਪੰਡਾਲ ਅਸਥਾਨ ਤੇ ਪੁਜਣ ਤੇ ਪਰਧਾਨ ਕਾਨਫ੍ਰੰਸ ਸਰਦਾਰ ਗੰਗਾ ਸਿੰਘ ਜੀ ਨ ਨਿਸ਼ਾਨ ਸਾਹਿਬ ਲਹਿਰਾਉਣ ਦੀ ਰਸਮ ਅਦਾ ਕੀਤੀ । ਨਿਸ਼ਾਨ ਸਾਹਿਬ ਲਹਿਰਾਉਣ ਸਮੇਂ ਸ਼ਿਵਾਲਕ ਪਬਲਿਕ ਸਕੂਲ ਦੇ ਬੈਂਡ ਨੇ "ਦੇਹ ਸ਼ਿਵਾ ਬਰੁ ਮੋਹਿ ਇਹੈ" ਦੀ ਧੁਨੀ ਵਜਾ ਕੇ ਸਲਾਮੀ ਦਿੱਤੀ । ਪਰਧਾਨ ਜੀ ਨੇ ਸਲਾਮੀ ਉਪਰੰਤ ਪਰੇਡ ਦੀ ਇੰਸਪੈਕਸ਼ਨ ਕੀਤੀ ਅਤੇ ਮੁਆਇਨਾ ਕੀਤਾ । ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ, 2) ਗੁਰੂ ਨਾਨਕ ਪਬਲਿਕ ਸਕੂਲ, 3) ਸਤਲੁਜ ਪਬਲਿਕ ਸਕੂਲ 4) ਸ਼ਿਵਾਲਕ ਪਬਲਿਕ ਸਕੂਲ, 5) ਗੁਰੂ ਗੋਬਿੰਦ ਸਿੰਘ ਕਾਲਜ ਫਾਰ ਗਰਲਜ਼ ਦੇ ਵਿਦਿਆਰਥਣਾਂ ਅਤੇ ਵਿਦਿਆਰਥੀਆਂ ਨੇ ਮਾਰਚ ਪਾਸਟ ਕੀਤਾ । ਇਸ ਪਰੇਡ ਦੇ ਕਮਾਂਡਰ ਬਖਸ਼ੀ ਇਕਬਾਲ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਸਨ ਅਤੇ ਆਰਗੇਨਾਈਜ਼ਰ ਸਰਦਾਰ ਰਾਜਿੰਦਰ ਸਿੰਘ ਖੁਰਾਨਾ । ਸਕੂਲਾਂ ਅਤੇ ਕਾਲਜਾਂ ਦੀਆਂ ਵਿਦਿਆਰਥਣਾਂ ਨੇ ਆਪੋ ਆਪਣੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ ਅਤੇ ਇਕ ਉੱਚ ਅਨੁਸ਼ਾਸਨ ਦਾ ਦਿਖਾਵਾ ਕੀਤਾ । ਝੰਡਾ ਲਹਿਰਾਉਣ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਸਕੂਲ ਵਿਦਿਆਰਥੀ, ਵਿਦਿਆਰਥਣਾਂ, ਚੰਡੀਗੜ੍ਹ ਦੇ ਪਰਤਿਸ਼ਟ ਸਜਣ, ਸੁਆਗਤ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਦੇਸ਼ ਪਰਦੇਸ਼ ਤੋਂ ਆਏ ਡੈਲੀਗੇਟ ਹਾਜ਼ਰ ਸਨ ।

## ਪਰਦਰਸ਼ਨੀ :

ਨਿਸ਼ਾਨ ਸਾਹਿਬ ਲਹਿਰਾਉਣ ਦੀ ਰਸਮ ਉਪਰੰਤ ਸਰਦਾਰ ਭੁਪਿੰਦਰ ਸਿੰਘ ਜੌਹਰ ਯਮਨਾ ਨਗਰ ਦੇ ਉੱਘੇ ਅਤੇ ਉੱਚ ਕੋਟੀ ਦੇ ਸਨਅਤਕਾਰ ਨੇ ਪਰਦਰਸ਼ਨੀ ਦਾ ਉਦਘਾਟਨ ਕੀਤਾ । ਕਾਨਫ੍ਰੰਸ ਦੇ ਤਿੰਨੋਂ ਦਿਨ ਭਾਵ 13,14 ਅਤੇ 15 ਮਾਰਚ, 1981 ਨੂੰ ਸੰਗਤਾਂ ਦੇ ਗਿਆਤ ਲਈ ਸਿੱਖ ਧਰਮ ਸਬੰਧੀ ਪੁਸਤਕਾਂ, ਪੁਰਾਣੇ ਖਰੜਿਆਂ, ਸਿੱਖ ਸੂਰਬੀਰਾਂ ਤੇ ਹੋਰ ਇਤਿਹਾਸਕ ਸਾਕਿਆਂ ਸਬੰਧੀ ਤਸਵੀਰਾਂ ਦੀ ਅਲੌਕਿਕ ਨੁਮਾਇਸ਼ ਲਗੀ ਰਹੀ ਜਿਸ ਦੇ ਸੰਗਤਾਂ ਨੇ ਬੜ ਉਤਸ਼ਾਹ ਤੇ ਸ਼ੌਕ ਨਾਲ ਦਰਸ਼ਨ ਕੀਤੇ । ਇਸ ਨੁਮਾਇਸ ਦੇ ਕਨਵੀਨਰ ਸਰਦਾਰ ਦਿਲਜੰਗ ਸਿੰਘ ਜੌਹਰ ਸਨ ਜਿਨ੍ਹਾਂ ਨੇ ਬੜੀ ਮੇਹਨਤ ਅਤੇ ਉਤਸ਼ਾਹ ਨਾਲ ਕਾਨਫ੍ਰੰਸ ਨੁਮਾਇਸ਼ ਲਗਾਉਣ ਵਿੱਚ ਹਿੱਸਾ ਪਾਇਆ । ਇਸ ਨੁਮਾਇਸ਼ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਭਾਸ਼ਾ ਵਿਭਾਗ ਪੰਜਾਬ, ਸੈਂਟਰਲ ਖਾਲਸਾ ਯਤੀਮਖਾਨਾ ਚੀਫ ਖਾਲਸਾ ਦੀਵਾਨ ਤੇ ਸਿੱਖ ਖੋਜ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਨੇ ਪੁਸਤਕਾਂ ਦੀ ਪਰਦਰਸ਼ਨੀ ਕੀਤੀ ਪਰ ਸਭ ਤੋਂ ਵੱਧ ਭੀੜ ਸ਼੍ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਪੰਡਾਲਾਂ ਵਿੱਚ ਸੀ ਜਿਥੇ ਕਿ ਇਤਿਹਾਸਕ ਪੇਂਟਿੰਗਜ਼ ਨੂੰ ਵੇਖਣ ਤੇ ਭੀੜ ਰਹੀ ।

ਇਹ ਬੇ-ਨਜ਼ੀਰ ਤਸਵੀਰਾਂ ਇਕ ਵਕਤ ਤੇ ਇੱਕਠੀਆਂ ਵੇਖਣ ਦਾ ਸਮਾਂ ਕਦੀ ਹੀ ਮਿਲ ਸਕਦਾ ਹੈ। ਇਸ ਤੋਂ ਇਲਾਵਾ ਭਾਈ ਸਾਹਿ ਬਅਸ਼ੋਕ ਸਿੰਘ ਬਾਗੜੀਆਂ ਨੇ ਗੁਰੂ ਸਾਹਿਬਾਨ ਦੇ ਸਮੇਂ ਦੇ ਕੁਛ ਪੁਰਾਣੇ ਸ਼ਸਤਰਾਂ ਦੀ ਨੁਮਾਇਸ਼ ਵੀ ਕੀਤੀ। ਨੁਮਾਇਸ਼ ਧਾਰਮਿਕ ਤੇ ਵਿਦਿਅਕ ਪੱਖ ਨਾਲ ਬੜੀ ਲਾਹੇਵੰਦ ਸਾਬਤ ਹੋਈ। ਸੰਗਤਾਂ ਨੇ ਭਾਰੀ ਗਿਣਤੀ ਵਿੱਚ ਪੁਸਤਕਾਂ ਵੀ ਖਰੀਦੀਆਂ।

## ਧਾਰਮਿਕ ਦੀਵਾਨ :

ਆਤਮਕ ਉੱਨਤੀ ਤੋਂ ਬਿਨ੍ਹਾਂ ਸਿਰਫ ਵਿਦਿਅਕ ਗੁਣਾਂ ਦੀ ਪ੍ਰਾਪਤੀ ਨਾਲ ਸਾਡੀ ਕੌਮ ਦੇ ਬੱਚੇ ਸੰਪੂਰਨ ਸਖਸ਼ੀਅਤ ਦੇ ਮਾਲਕ ਨਹੀਂ ਬਣ ਸਕਦੇ। ਇਸੇ ਲਈ ਇਸ ਕਾਨਫ੍ਰੰਸ ਵਿੱਚ ਖਾਸ ਤੌਰ ਤੇ ਕਾਨਫ੍ਰੰਸ ਦਾ ਇਕ ਮੁੱਖ ਅੰਗ ਧਾਰਮਕ ਦੀਵਾਨ ਬਣਾਏ ਗਏ, ਤਾਂ ਕਿ ਇਹਨਾਂ ਦੀਵਾਨਾਂ ਤੋਂ ਪ੍ਰਾਪਤ ਹੋਏ ਰਸਾਂ ਤੋਂ ਪ੍ਰਭਾਵਤ ਹੋ ਕੇ ਆਪਣਾ ਜੀਵਨ ਸਫਲ ਨੀਹਾਂ ਤੇ ਬਤੀਤ ਕਰਨ ਵਿੱਚ ਮਨੁੱਖ ਸੇਧਾਂ ਪ੍ਰਾਪਤ ਕਰ ਸਕੇ। ਧਾਰਮਕ ਦੀਵਾਨ ਹੀ ਕਾਨਫ੍ਰੰਸ ਦੀ ਜਿੰਦ ਜਾਨ ਅਤੇ ਸੰਗਤਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਣਾ ਦੇਂਦੇ ਹਨ। ਪੁਰਾਤਨ ਸਮਿਆਂ ਤੋਂ ਕਾਨਫ੍ਰੰਸ ਵਿੱਚ ਪਈਆਂ ਧਾਰਮਿਕ ਦੀਵਾਨਾਂ ਦੀਆਂ ਲੀਹਾਂ ਨੂੰ ਸੁਰਜੀਤ ਕਰਨ ਲਈ ਤਿੰਨੋਂ ਦਿਨ 13, 14 ਅਤੇ 15 ਮਾਰਚ, 1981 ਨੂੰ ਧਾਰਮਿਕ ਦੀਵਾਨ ਗੁਰੂ ਗੋਬਿੰਦ ਸਿੰਘ ਭਵਨ ਦੇ ਨਵੇਂ ਉਸਾਰੇ ਵਿਸ਼ਾਲ ਤੇ ਸੁੰਦਰ ਹਾਲ ਵਿੱਚ ਸਜਦੇ ਰਹੇ। ਪਹਿਲੇ ਦਿਨ ਦੇ ਦੀਵਾਨ ਬਾਰੇ ਜਾਣਕਾਰੀ ਰੀਪੋਰਟ ਦੇ ਆਰੰਭ ਵਿੱਚ ਦਿੱਤੀ ਜਾ ਚੁੱਕੀ ਹੈ। ਦੂਜੇ ਦਿਨ 14 ਮਾਰਚ ਸਵੇਰੇ 6 ਤੋਂ 8 ਵਜੇ ਤੱਕ ਆਸਾ ਦੀ ਵਾਰ ਦਾ ਕੀਰਤਨ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ ਦੇ ਰਾਗੀ ਜਥੇ ਨੇ ਬੜੇ ਰਸ ਭਿੰਨੇ ਮਨੋਹਰ ਢੰਗ ਨਾਲ ਕੀਤਾ। ਹਾਲ ਸੰਗਤਾਂ ਨਾਲ ਭਰਿਆ ਹੋਇਆ ਸੀ ਤੇ ਸਤਿਗੁਰੂ ਜੀ ਦੀ ਅੰਮ੍ਰਿਤ ਮਈ ਬਾਣੀ ਸੁਣ ਕੇ ਸੰਗਤਾਂ ਹੁਲਾਰੇ ਖਾ ਰਹੀਆਂ ਸਨ। ਤੀਜੇ ਦਿਨ ਆਸਾ ਦੀ ਵਾਰ ਦਾ ਕੀਰਤਨ ਭਾਈ ਚਤਰ ਸਿੰਘ ਜੀ ਦੇ ਪ੍ਰਸਿੱਧ ਰਾਗੀ ਜਥੇ ਨੇ ਕੀਤਾ। ਇੰਦਰ ਦੇਵਤਾ ਸੰਝ ਸਵੇਰ ਤੋਂ ਹੀ ਵਰ ਰਿਹਾ ਸੀ ਪਰ ਕੀਰਤਨ ਅਪਣਾ ਰਸ ਵਰਖਾ ਰਿਹਾ ਸੀ। ਸੰਗਤਾਂ ਦੀ ਹਾਜ਼ਰੀ ਵੀ ਤਕੜੀ ਗਿਣਤੀ ਵਿੱਚ ਸੀ ਅਤੇ ਸੰਗਤਾਂ ਕੀਰਤਨ ਰਸ ਨੂੰ ਇਕਾਗਰ ਚਿਤ ਮਾਨ ਰਹੀਆਂ ਸਨ। ਸ੍ਰੀ ਮਾਨ ਸੰਤ ਕਰਤਾਰ ਸਿੰਘ ਕਮਾਲੀਆਂ ਵਾਲਿਆਂ ਨੇ 14 ਅਤੇ 15 ਮਾਰਚ ਨੂੰ ਦੋਵੇਂ ਦਿਨ ਗੁਰੂ ਸ਼ਬਦ ਦੀ ਕਥਾ ਦੁਆਰਾ ਆਪਣੇ ਵਿਦਵਤਾ ਢੰਗ ਨਾਲ ਕੀਤੀ। ਕਥਾ ਨਾਮ ਰਸ ਦੀ ਫੁਹਾਰ ਸੀ। ਸੰਤ ਜੀ ਨੇ ਸਿੱਖ ਦੇ ਜੀਵਨ ਜਿਓਣ ਤੇ ਜੋਰ ਦਿੰਦਿਆਂ ਸਿੱਖੀ ਆਦਰਸ਼ ਦੀਆਂ ਮੋਟੀਆਂ ਮੋਟੀਆਂ ਗਲਾਂ ਤੇ ਚਾਨਣਾ ਪਾਇਆ ਤੇ ਸਰੋਤਿਆਂ ਨੂੰ ਨਾਮ ਰਸ ਨਾਲ ਤ੍ਰਿਪਤ ਕੀਤਾ। ਪਹਿਲੇ ਦਿਨ ਮਹਾਂ ਵਾਕ ਆਇਆ :

'ਜਹਿ ਜਾਈਐ ਤਾਹਾ ਸੁਹੇਲੇ''

ਪਰ ਚੇਤ ਦੀ ਸੰਗਰਾਂਦ ਹੋਣ ਕਾਰਨ ਸੰਗਤਾਂ ਦੀ ਬੇਨਤੀ ਤੇ ਚੇਤ ਮਹੀਨਾਂ ਵੀ ਪੜ੍ਹਿਆ ਗਿਆ ਅਤੇ ਸੰਤ ਜੀ ਨੇ ਸੰਗਤ ਪਾਸੋਂ ਪੁੱਛਿਆ ਕਿ ਮੁਖ ਵਾਕ ਦੀ ਕਥਾ ਕੀਤੀ ਜਾਵੇ ਜਾਂ ਸੰਗਰਾਂਦ ਦਾ ਪਵਿੱਤਰ ਦਿਹਾੜਾ ਹੋਣ ਕਾਰਨ ਚੇਤ ਮਹੀਨੇ ਦੀ ਬਾਰਾਮਾਹ ਤੋਂ ਕਥਾ ਕੀਤੀ ਜਾਵੇ। ਸੰਗਤਾਂ ਨੇ ਮਹੀਨੇ ਦੀ ਕਥਾ ਕਰਨ ਲਈ ਰੁਚੀ ਦਸੀ ਅਤੇ ਬੇਨਤੀ ਕੀਤੀ। ਸੰਤ ਜੀ ਨੇ ਕਥਾ ਆਰੰਭ ਕਰਨ ਤੋਂ ਪਹਿਲਾਂ ਪਰਬੰਧਕਾਂ ਦਾ ਧਿਆਨ ਇਕ ਗੁਰਮਰਯਾਦਾ ਵੱਲ ਦਿਵਾਇਆ ਅਤੇ ਕਿਹਾ "ਦਰਸ਼ਨ ਕਰੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ,ਅੰਮ੍ਰਿਤਸਰ ਵਿਚ ਅਤੇ ਵੇਖਕੇ ਦਸੋ ਕਿ ਰਾਗੀ ਸਿੰਘ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਿਸ ਪਾਸੇ ਬੈਠ ਕੇ ਕੀਰਤਨ ਕਰਦੇ ਹਨ ਅਤੇ ਸੰਗਤਾਂ ਨੂੰ ਗੁਰੂ ਬਾਣੀ ਅਤੇ ਗੁਰੂ ਜਸ ਦੁਆਰਾ ਮਧੁਰ ਲੈਅ ਅਤੇ ਸੁਰੀਲੇ ਰਸ ਭਿੰਨੇ ਕੀਰਤਨ ਦੁਆਰਾ ਨਿਹਾਲ ਕਰਦੇ ਹਨ। ਰਾਗੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਪਾਸੇ ਬੈਠ ਕੇ ਹਜ਼ੂਰੀ ਵਿੱਚ ਕੀਰਤਨ ਕਰਨ ਦੀ ਪਰੰਪਰਾ ਹੈ, ਇਉਂ ਰਾਗੀ ਸਿੰਘ ਸਤਿਗੁਰੂ ਜੀ ਨੂੰ ਕੀਰਤਨ ਸੁਣਾਉਂਦੇ ਹਜ਼ੂਰੀ ਪ੍ਰਤੀਤ ਕਰਦੇ ਗੁਰ ਚਰਨਾਂ ਨਾਲ ਜੁੜ ਕੇ ਅਪਣਾ ਜੀਵਨ ਸਫਲ ਕਰਦੇ ਹਨ ਅਤੇ ਸੰਗਤਾਂ ਦਾ ਵੀ ਜੀਵਨ ਸਫਲ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਹਾਜ਼ਰਾ ਹਜ਼ੂਰ ਗੁਰੂ ਹਨ, ਸਾਧ ਸੰਗਤ ਜੀ, ਮੈਂ ਵੀ,ਤੁਸੀਂ ਵੀ ਅਸੀਂ ਸਾਰੇ ਅਦਬ ਕੀਤਾ ਕਰੀਏ। ਸਵੇਰ ਦੇ ਦੀਵਾਨ ਵਿੱਚ ਸ. ਗੰਗਾ ਸਿੰਘ ਜੀ ਪ੍ਰਧਾਨ ਕਾਨਫ੍ਰੰਸ,

ਸ. ਹੁਕਮ ਸਿੰਘ ਜੀ ਸਾਬਕਾ ਸਪੀਕਰ ਲੋਕ ਸਭਾ, ਜਸਟਿਸ ਮੇਤਾ ਸਿੰਘ ਜੀ, ਸ. ਫੁਲੇਲ ਸਿੰਘ ਜੀ, ਸ. ਸ਼ਮਸ਼ੇਰ ਸਿੰਘ ਜੀ, ਸ. ਇੰਦਰਜੀਤ ਸਿੰਘ ਜੀ ਸਮੇਤ ਸਥਾਨਕ ਪਤਵੰਤੇ ਸਜਨਾਂ ਦੇ ਹਾਜ਼ਰੀ ਭਰਦੇ ਰਹੇ। ਸ. ਇੰਦਰਜੀਤ ਸਿੰਘ ਜੀ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਪੰਜਾਬ ਐਂਡ ਸਿੰਧ ਬੈਂਕ ਨੇ ਵੀ ਸੈਂਟਰਲ ਖਾਲਸਾ ਯਤੀਮਖਾਨਾ, ਅੰਮ੍ਰਿਤਸਰ ਦੇ ਰਾਗੀ ਜਥੇ ਭਾਈ ਗੁਰਮੇਲ ਸਿੰਘ ਦੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਐਲਾਨ ਕੀਤਾ ਕਿ ਪੰਜਾਬ ਐਂਡ ਸਿੰਧ ਬੈਂਕ ਕਿਉਂਕਿ ਵਰਤਮਾਨ ਸਾਲ ਅੰਗਹੀਨ ਅਤੇ ਅਪੰਗ ਸਾਲ ਕਰਾਰ ਦਿੱਤਾ ਗਿਆ ਹੈ ਇਸ ਲਈ ਦੋ ਸੂਰਮਾਂ ਸਿੰਘਾਂ ਨੂੰ ਜੋ ਗੁਰਬਾਣੀ ਕੀਰਤਨ ਵਿੱਚ ਨਿਪੁੰਨ ਹੋਣਗੇ, ਉਹਨਾਂ ਦਾ ਖਰਚਾ ਬੈਂਕ ਵੱਲੋਂ ਦਿੱਤਾ ਜਾਵੇਗਾ ਅਤੇ ਉਹ ਬੈਂਕ ਵੱਲੋਂ ਨਿਯੁਕਤ ਕੀਤੇ ਜਾਣਗੇ ਅਤੇ ਉਨ੍ਹਾਂ ਨਾਲ ਇਕ ਸੁਜਾਖਾ ਸਹਾਇਕ ਦਿਤੇ ਜਾਣ ਲਈ, ਜੋ ਖਰਚਾ ਹੋਵੇਗਾ ਉਸ ਨੂੰ ਬੈਂਕ ਬਰਦਾਸ਼ਤ ਕਰੇਗਾ। ਉਹਨਾਂ ਨੇ ਇਸ ਜੱਥੇ ਦੇ ਪ੍ਰਬੰਧਕਾਂ, ਪ੍ਰੋਫੈਸਰ ਕਰਤਾਰ ਸਿੰਘ ਜੀ ਅਤੇ ਸ. ਸੰਤ ਸਿੰਘ ਜੀ ਵੱਲੋਂ ਕੀਤੀ ਅਪੀਲ ਤੇ 4 ਪੱਕੇ ਫੰਡ ਦੇ ਲੰਗਰ ਲਈ ਬੈਂਕ ਵੱਲੋਂ ਅਰਦਾਸ ਕਰਵਾਈ ਅਤੇ ਪੰਜੀ ਸੌ ਰੁਪਏ ਤੋਂ ਘੱਟ ਉਗਰਾਹੀ ਦੀ ਰਕਮ ਨੂੰ ਪੂਰਾ ਕਰਕੇ ਦੇਣਾ ਵੀ ਪਰਵਾਨ ਕੀਤਾ।

ਕਾਨਫ੍ਰੰਸ ਦੇ ਅੰਤਲੇ ਦਿਨ ਭਾਵ 15 ਮਾਰਚ, 1981 ਨੂੰ ਧਾਰਮਿਕ ਦੀਵਾਨ ਵਿੱਚ ਸੰਤ ਕਰਤਾਰ ਸਿੰਘ ਜੀ ਕਮਾਲੀਆ ਨੇ ਆਸਾ ਜੀ ਦੀ ਵਾਰ ਦੇ ਕੀਰਤਨ ਅਤੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਆਏ ਹੁਕਮ ਨਾਮਿਆਂ ਅਤੇ ਚੇਤ ਮਹੀਨੇ ਦੀ ਵਿਆਖਿਆ ਬੜੇ ਵਿਦਵਤਾ ਭਰਪੂਰ ਢੰਗ ਨਾਲ ਕੀਤੀ ਅਤੇ ਸੰਗਤਾਂ ਨੂੰ ਆਪਣੇ ਵਿਚਾਰਾਂ ਨਾਲ ਨਿਹਾਲ ਕੀਤਾ।

## ਕੀਰਤਨ ਦਰਬਾਰ :

14 ਤਰੀਖ ਸ਼ਾਮ ਨੂੰ ਕੀਰਤਨ ਦਰਬਾਰ ਕਾਨਫ੍ਰੰਸ ਪੰਡਾਲ ਭਵਨ ਦੇ ਖੁਲੇ ਮੈਦਾਨ ਵਿੱਚ ਹੋਇਆ। ਪੰਡਾਲ ਨੂੰ ਭਾਰੀ ਗਿਣਤੀ ਵਿੱਚ ਫਲੱਡ ਲਾਈਟਾਂ ਨਾਲ ਸਜਾਇਆ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਕੀਰਤਨ ਦਰਬਾਰ ਸਾਢੇ ਸਤ ਵਜੇ ਸ਼ੁਰੂ ਹੋਇਆ। ਸੰਗਤਾਂ ਸਟੇਜ ਤੇ ਨੇੜੇ ਬੈਠਣ ਦੀ ਖਿੱਚ ਨਾਲ ਸਮੇਂ ਤੋਂ ਪਹਿਲਾਂ ਹੀ ਸੱਜ ਗਈਆਂ ਸਨ। ਦੀਵਾਨ ਅਸਥਾਨ ਸੰਗਤ ਨਾਲ ਖਚਾ ਖਚ ਭਰਿਆ ਹੋਇਆ ਸੀ। ਅਰਦਾਸ ਅਤੇ ਹੁਕਮ ਉਪਰੰਤ ਆਰੰਭਕ ਸ਼ਬਦ ਚੀਫ ਖਾਲਸਾ ਦੀਵਾਨ ਦੇ ਯਤੀਮਖਾਨੇ ਦੇ ਭਾਈ ਕਰਤਾਰ ਸਿੰਘ ਦੇ ਜਥੇ ਨੇ ਕੀਤਾ। ਉਪਰੰਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਨੇ ਕੀਰਤਨ ਦੀ ਮਹੱਤਤਾ ਨੂੰ ਦਰਸਾਉਂਦਿਆਂ ਹੋਇਆਂ ਸੰਗਤਾਂ ਨਾਲ ਵੀਚਾਰ ਸਾਂਝੇ ਕੀਤੇ। ਉਹਨਾਂ ਦਾ ਵਿਖਆਨ ਬੜਾ ਭਾਵਪੂਰਕ ਅਤੇ ਸ਼ਲਾਘਾ ਯੋਗ ਸੀ। ਇਸ ਕੀਰਤਨ ਦਰਬਾਰ ਵਿੱਚ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ ਢਿੱਲੀ, ਭਾਈ ਸਾਧੂ ਸਿੰਘ, ਭਾਈ ਬਖਸ਼ੀਸ ਸਿੰਘ, ਭਾਈ ਚਤਰ ਸਿੰਘ ਅਤੇ ਪ੍ਰੋਫੈਸਰ ਦਰਸ਼ਨ ਸਿੰਘ ਦੇ ਰਾਗੀ ਜੱਥਿਆਂ ਨੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਹਰੇਕ ਜਥੇ ਨੂੰ ਅੱਧਾ ਘੱਟਾ ਕੀਰਤਨ ਕਰਨ ਦਾ ਸਮਾਂ ਦਿਤਾ ਗਿਆ। ਜੱਥਿਆਂ ਨੇ ਕੀਰਤਨ ਨਿਰਧਾਰਤ ਰਾਗਾਂ ਵਿੱਚ ਕੀਤਾ। ਸੰਗਤਾਂ ਕੀਰਤਨ ਰਸ ਵਿੱਚ ਜੁੜੀਆਂ ਰਹੀਆਂ ਸਨ ਅਤੇ ਇਹ ਕੀਰਤਨ ਪ੍ਰਵਾਹ ਰਾਤ 11 ਵਜੇ ਉਪਰੰਤ ਤੱਕ ਜਾਰੀ ਰਹਿਆ। ਭਾਈ ਗੁਰਮੇਜ ਸਿੰਘ ਯਤੀਮਖਾਨਾ ਅੰਮ੍ਰਿਤਸਰ ਦੇ ਰਾਗੀ ਜਥੇ ਨੇ ਅਨੰਦ ਸਾਹਿਬ ਪਾਠ ਸਰਵਣ ਕਰਵਾ ਕੇ ਅਰਦਾਸ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਕੀਰਤਨ ਦਰਬਾਰ ਵਿੱਚ ਸਰਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਸ. ਅਜੀਤ ਸਿੰਘ ਸਰਹੱਦੀ, ਸ. ਜਗਜੀਤ ਸਿੰਘ, ਸਾਬਕਾ ਪ੍ਰੋ. ਵਾਈਸ ਚਾਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ. ਸ਼ਮਸ਼ੇਰ ਸਿੰਘ, ਸ. ਫੁਲੇਲ ਸਿੰਘ, ਸ. ਮੇਤਾ ਸਿੰਘ, ਸ. ਇੰਦਰਜੀਤ ਸਿੰਘ ਜੀ, ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਅਤੇ ਕਈ ਹੋਰ ਮੁਖੀ ਸਜਨਾਂ ਨੇ ਕੀਰਤਨ ਦਰਬਾਰ ਵਿੱਚ ਹਾਜ਼ਰੀ ਭਰੀ। ਪਿੰਡਾਂ ਵਿੱਚੋਂ ਵੀ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਹੋਈਆਂ। ਪੰਡਾਲ ਖਚਾ ਖਚ ਭਰਿਆ ਹੋਇਆ ਸੀ ਅਤੇ ਸਮਾਪਤੀ ਤੱਕ ਸੰਗਤਾਂ ਇਕ ਰਸ ਕੀਰਤਨ ਦੁਆਰਾ ਗੁਰਬਾਣੀ ਰਸ ਮਾਨ ਰਹੀਆਂ ਸਨ।

## ਕਾਨਫ੍ਰੰਸ ਸੈਸ਼ਨ–ਮਹਾਰਾਜਾ ਰਣਜੀਤ ਸਿੰਘ ਨਗਰ :

ਕਾਨਫ੍ਰੰਸ ਪੰਡਾਲ ਗੁਰੂ ਗੋਬਿੰਦ ਸਿੰਘ ਭਵਨ ਮੱਧਿਆ ਮਾਰਗ, ਸੈਕਟਰ 15 ਏ, ਦੇ ਵਿਸ਼ਾਲ ਅਹਾਤੇ ਵਿੱਚ ਤੰਬੂ ਕਨਾਤਾਂ ਲਗਾ ਕੇ ਸਜਾਇਆ ਗਿਆ। ਇਹ ਕਾਨਫ੍ਰੰਸ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ 200 ਸਾਲਾ ਜਨਮ ਵਰ੍ਹੇ ਨੂੰ ਸਮਰਪਤ ਕੀਤੀ ਗਈ। ਭਵਨ ਦੀ ਬਿਲਡਿੰਗ ਅਤੇ ਪੰਡਾਲ ਨੂੰ ਬਿਜਲੀ ਦੀਆਂ ਲੜੀਆਂ ਅਤੇ ਬਲਬਾਂ ਨਾਲ ਰੌਸ਼ਨ ਕੀਤਾ ਗਿਆ ਸੀ। ਪੰਡਾਲ ਵਿੱਚ ਦਾਖਲਾ ਟਿਕਟਾਂ ਰਾਹੀਂ ਸੀ ਅਤੇ ਵੱਖ ਵੱਖ ਬਲਾਕ ਬਣੇ ਹੋਏ ਸਨ। ਵਿਜੀਟਰ, ਡੈਲੀਗੇਟ, ਫੈਲੋਜ਼ ਸਪੈਸ਼ਲ ਵਿਜੀਟਰਜ਼, ਕਾਨਫ੍ਰੰਸ ਦੇ ਸਹਾਇਕ, ਮੀਤ-ਸਹਾਇਕ, ਸਵਾਗਤ ਕਮੇਟੀ ਦੇ ਮੈਂਬਰ ਸਾਹਿਬਾਨ, ਚੀਫ ਖਾਲਸਾ ਦੀਵਾਨ, ਐਜੂਕੇਸ਼ਨਲ ਕਮੇਟੀ ਦੇ ਮੈਂਬਰ ਸਾਹਿਬਾਨ,ਦੇਸ਼ ਪ੍ਰਦੇਸ਼ ਤੋਂ ਆਏ ਆਦਿ ਪ੍ਰਸਿੱਧ ਗੁਣੀ ਗਿਆਨੀ ਵਿਦਵਾਨ ਲਿਖਾਰੀ ਬੁਧੀਜੀਵੀਏ, ਕਾਨਫ੍ਰੰਸ ਪਰਧਾਨ ਸਰਦਾਰ ਗੰਗਾ ਸਿੰਘ ਜੀ ਦੇ ਆਉਣ ਤੋਂ ਪਹਿਲਾਂ ਕਾਫੀ ਸਮਾਂ ਨਿਸਚਿਤ ਕੀਤੇ ਬਲਾਕਾਂ ਵਿੱਚ ਸ਼ਸੋਭਤ ਸਨ। ਸਰਦਾਰ ਗੰਗਾ ਸਿੰਘ ਪਰਧਾਨ 54 ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਅਤੇ ਸਰਦਾਰ ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ, ਜਿਨ੍ਹਾਂ ਨੇ ਕਾਨਫ੍ਰੰਸ ਦਾ ਉਦਘਾਟਨ ਕੀਤਾਂ ਦੋਹਾਂ ਦੇ ਸੁਆਗਤ ਲਈ ਪੰਡਾਲ ਵਿੱਚ ਦਾਖਲ ਹੋਣ ਸਮੇਂ ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਅਤੇ 54 ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਸੁਆਗਤ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਨੇ ਫੂਲਮਾਲਾ ਅਤੇ ਸਿਹਰੇ ਸੁਆਗਤ ਵਜੋਂ ਪਾਏ ਅਤੇ ਜੈਕਾਰਿਆਂ ਦੀ ਗੂੰਜ ਨਾਲ ਪੰਡਾਲ ਵਿੱਚ ਬੈਠੇ ਸਜਨਾਂ ਨੇ ਖਲੋ ਕੇ ਸੁਆਗਤ ਕੀਤਾ। ਪਰਧਾਨ ਜੀ ਦੇ ਪੰਡਾਲ ਵਿੱਚ ਸਜੀ ਡਾਇਸ ਤੇ ਬੈਠਣ ਤੇ ਕਾਨਫ੍ਰੰਸ ਦਾ ਆਰੰਭ ਅਰਦਾਸ ਰਾਹੀਂ ਕੀਤਾ ਗਿਆ। ਭਾਈ ਜਗਤਾਰ ਸਿੰਘ ਜੀ ਨੇ ਆਰੰਭਕ ਅਰਦਾਸਾ ਕਾਨਫ੍ਰੰਸ ਦੀ ਸਫਲਤਾ ਲਈ ਸੋਧਿਆ। ਸਰਦਾਰਨੀ ਬੀ.ਐਸ. ਫੂਲ ਨੇ ਆਪਣੀ ਸੁਰੀਲੀ ਅਤੇ ਰਸ ਭਿੰਨੀ ਅਵਾਜ ਵਿੱਚ ਸ਼ਬਦ ਗਾ ਕੇ ਕਾਨਫ੍ਰੰਸ ਦੀ ਕਾਰਵਾਈ ਆਰੰਭ ਕੀਤੀ। ਸੁਆਗਤੀ ਐਡਰੈਸ ਅਤੇ ਪਰਧਾਨਗੀ ਐਡਰੈਸ ਉਪਰੰਤ ਸ੍ਰੀ ਮਤੀ ਅਨੰਦ ਨੇ ਸੁਰੀਲੀ ਅਵਾਜ ਵਿੱਚ ਭਗਤੀ ਭਾਵ ਵਾਲੀ ਕਵਿਤਾ ਗਾਇਨ ਕੀਤੀ।

## ਸੁਆਗਤੀ ਐਡਰੈਸ :

ਸਰਦਾਰ ਹਰਬੰਸ ਸਿੰਘ ਜੀ ਚੀਫ ਜਸਟਿਸ ਰੀਟਾਇਰਡ ਚੇਅਰਮੈਨ ਸੁਆਗਤ ਕਮੇਟੀ 54 ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਨੇ ਆਪਣੇ ਸੁਆਗਤੀ ਐਡਰੈਸ ਵਿੱਚ ਸਰਦਾਰ ਇੰਦਰਜੀਤ ਸਿੰਘ, ਸ. ਗੰਗਾ ਸਿੰਘ, ਸ. ਹੁਕਮ ਸਿੰਘ, ਜਸਟਿਸ ਮੋਤਾ ਸਿੰਘ, ਸ੍ਰੀ ਮਾਨ ਸੰਤ ਕਰਤਾਰ ਸਿੰਘ ਨੂੰ ਅਤੇ ਦੇਸ਼ ਪਰਦੇਸ਼ ਤੋਂ ਹੋਰ ਆਏ ਪ੍ਰਮੁੱਖ ਹਸਤੀਆਂ, ਵਿਦਵਾਨਾਂ, ਭੈਣਾਂ ਭਰਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਨਵੀਂ ਬਣੀ ਸੁੰਦਰ ਨਗਰੀ ਵਿੱਚ, ਜੋ ਕਿ ਪੰਜਾਬ, ਹਰਿਆਣਾ ਤੇ ਯੂ. ਟੀ. ਚੰਡੀਗੜ੍ਹ ਦੀ ਸਾਂਝੀ ਰਾਜਧਾਨੀ ਹੈ, 1966 ਪਿਛੋਂ ਇਹ ਦੂਸਰਾ ਸਮਾਗਮ ਹੈ। ਉਹਨਾਂ ਨੇ ਆਏ ਸਜਨਾਂ ਦਾ ਚੰਡੀਗੜ੍ਹ ਵਾਸੀਆਂ ਵੱਲੋਂ ਹਾਰਦਿਕ ਸੁਆਗਤ ਕਰਦਿਆਂ 'ਜੀ ਆਇਆਂ ਆਖਿਆ। ਉਹਨਾਂ ਨੇ ਆਪਣੇ ਭਾਸ਼ਨ ਵਿੱਚ ਖੁਸ਼ੀ ਦਾ ਪਰਗਟਾਵਾ ਕਰਦਿਆਂ ਹੋਇਆ ਦਸਿਆ ਕਿ 54 ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੀ ਸੁਆਗਤ ਕਮੇਟੀ ਦਾ ਟੀਚਾ ਸੀ ਕਿ 54 ਸੌ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਬਣਾਇਆ ਜਾਵੇ। ਉਨਾਂ ਸੁਆਗਤ ਕਮੇਟੀ ਵਲੋਂ ਸਰਦਾਰ ਹਰਨਾਮ ਸਿੰਘ ਵਾਸੂ ਪਰਧਾਨ ਹੇਮਕੁੰਟ ਮਿਸ਼ਨ ਅਤੇ ਸ. ਵਰਿਆਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਦਾ ਧੰਨਵਾਦ ਕੀਤਾ ਕਿ ਨਿਸ਼ਚਿਤ ਟੀਚੇ ਤੋਂ ਵਧਕੇ 7300 ਇਸ ਸਮੇਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਏ ਹਨ। ਸੁਆਗਤ ਕਮੇਟੀ ਦਾ ਦੂਜਾ ਟੀਚਾ ਇਹ ਸੀ ਕਿ ਇਸ ਕਾਨਫ੍ਰੰਸ ਦੀ ਦੇਣ ਵਜੋਂ ਚੰਡੀਗੜ੍ਹ ਵਿਖੇ ਆਰਫਨੇਜ਼-ਕੰਮ-ਵੋਕੇਸ਼ਨਲ ਸੈਂਟਰ ਖੋਲਿਆ ਜਾਵੇ ਜਿਥੇ ਅਨਾਥ ਤੇ ਕਮਜ਼ੋਰ ਵਰਗ ਦੇ ਬਚਿਆਂ ਦੀ ਨਾ ਕੇਵਲ ਦੇਖ ਭਾਲ ਹੀ ਕੀਤੀ ਜਾਵੇ ਸਗੋਂ ਉਹਨਾਂ ਨੂੰ ਡੇਢ ਦੋ ਸਾਲ ਵਿੱਚ ਕਿਸੇ

ਵੋਕੇਸ਼ਨ ਕਿੱਤੇ ਜਿਵੇਂ ਕਿ ਕਾਰਪੈਂਟਰੀ, ਟੇਲਰਿੰਗ, ਸ਼ਾਰਟਹੈਂਡ ਵਿੱਚ ਪ੍ਰੈਕਟੀਕਲ ਟਰੇਨਿੰਗ ਵੀ ਦਿੱਤੀ ਜਾਵੇ, ਅਤੇ ਟਰੇਨਿੰਗ ਖ਼ਤਮ ਹੋਣ ਉਰੇ ਉਨ੍ਹਾਂ ਨੂੰ ਕਾਰਪੈਂਟਰੀ ਦੇ ਟੂਲਜ਼ ਜਾਂ ਸੀਉਣ ਵਾਲੀਆਂ ਮਸ਼ੀਨਾਂ ਆਦਿ ਦਿੱਤੀਆਂ ਜਾਣ ਤਾਂ ਜੋ ਉਹ ਆਪਣੇ ਪੈਰਾਂ ਉਤੇ ਖੜੇ ਹੋ ਸਕਣ ।

ਉਨ੍ਹਾਂ ਨੇ ਆਪਣੀ ਸੁਆਗਤੀ ਭਾਸ਼ਣ ਜਾਰੀ ਕਰਦਿਆਂ ਕਿਹਾ ਕਿ:—

ਗੁਰਬਾਣੀ ਦੇ ਕੀਰਤਨ ਦਾ ਬੱਚਿਆਂ ਵਿੱਚ ਉਤਸ਼ਾਹ ਪੈਦਾ ਕਰਨ ਦੇ ਵਿਚਾਰ ਨਾਲ, 20 ਸਾਲ ਤੱਕ ਦੀ ਆਯੂ ਦੇ ਬੱਚਿਆਂ ਲਈ,ਐਤਕੀ ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਵਿੱਚ ਕੀਰਤਨ ਮੁਕਾਬਲੇ ਕਰਵਾਏ ਗਏ ਹਨ । ਇਸ ਵਿੱਚ 7 ਸਾਲ ਤੋਂ 20 ਸਾਲ ਦੇ ਬੱਚਿਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਨਿਰਧਾਰਤ ਰਾਗਾਂ ਵਿੱਚ ਸ਼ੁੱਧ ਉਚਾਰਨ ਸਹਿਤ ਗਾਇਆ । ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਚੰਡੀਗੜ੍ਹ ਅਤੇ ਅੰਬਾਲਾ ਰੀਜਨ ਵਿੱਚੋਂ ਪਹਿਲੇ ਤੇ ਦੂਜੇ ਨੰਬਰ ਉੱਤੇ ਆਏ ਬੱਚੇ ਬੱਚੀਆਂ ਦਾ ਕੀਰਤਨ ਮੁਕਾਬਲਾ ਚੰਡੀਗੜ੍ਹ ਵਿਖੇ 3-30 ਤੋਂ ਸ਼ਾਮ 5 ਵਜੇ ਤੱਕ ਹੋ ਰਿਹਾ ਹੈ । ਇਸ ਮੁਕਾਬਲੇ ਵਿੱਚ ਉਤਸ਼ਾਹ ਬਾਬਤ ਸੰਤ ਕਰਤਾਰ ਸਿੰਘ ਜੀ ਕਮਾਲੀਆ ਪਟਿਆਲੇ ਵਿਖੇ ਹੋਏ ਮੁਕਾਬਲੇ ਬਾਰੇ ਲਿਖਦੇ ਹਨ :—

> ''ਸਤਿਗੁਰੂ ਦੀ ਮੇਹਰ ਨਾਲ ਇਥੇ ''ਪ੍ਰਤੀਯੋਗਤਾ'' ਦਾ ਸਮਾਗਮ ਇਤਨਾ ਰਸਦਾਇਕ ਸੀ ਕਿ ਸੰਗਤਾਂ ਸੁੰਨ ਸਮਾਨ ਹੋ ਗਈਆਂ ।''

ਸਿੱਖ ਕਾਲਜਾਂ, ਸਕੂਲਾਂ ਤੇ ਹੁਣ ਪਬਲਿਕ ਸਕੂਲਾਂ ਨੂੰ ਕਿਸੇ ਇਕ ਕੜੀ ਵਿੱਚ ਜੋੜਨ ਵਾਸਤੇ ਪਿਛਲੀਆਂ ਕਾਨਫ੍ਰੰਸਾਂ ਵਿੱਚ ਕਈ ਉਪਰਾਲੇ ਹੁੰਦੇ ਰਹੇ ਹਨ । ਐਤਕੀ ਵੀ ਇਨ੍ਹਾਂ ਸੰਸਥਾਵਾਂ ਦੀਆਂ ਪਰਬੰਧਕ ਕਮੇਟੀਆਂ ਦੇ ਮੁਖੀਆਂ ਦੀ ਕਾਨਫ੍ਰੰਸ ਅੱਜ 3-30 ਵਜੇ ਹੋ ਰਹੀ ਹੈ । ਜਿਸ ਵਿਚ ਸਿਖਿਆ ਲਈ ਕੋਈ ਇਕ ਪਰਣਾਲੀ ਅਪਨਾਈ ਜਾ ਰਹੀ ਹੈ ਤੇ ਕਿਸ ਤਰਾਂ ਨਾਲ ਇਹ ਸਾਰੀਆਂ ਸੰਸਥਾਵਾਂ ਆਪਸ ਵਿੱਚ ਜੁੜੀਆਂ ਰਹਿਣ ।

ਪੰਜਾਬ ਤੋਂ ਬਾਹਰ ਤੇ ਬਦੇਸ਼ਾਂ ਵਿੱਚ ਪੰਜਾਬੀਆਂ, ਤੇ ਪੰਜਾਬੀ ਕਲਚਰ ਦਾ ਸੰਬੰਧ ਕਾਇਮ ਰਖਣਾ ਇਕ ਬਹੁਤ ਜ਼ਰੂਰੀ ਮਾਮਲਾ ਹੈ ਇਸ ਬਾਬਤ ਸਰਦਾਰ ਮੇਹਰਬਾਨ ਸਿੰਘ ਜੀ ਸਿੰਘਾਪੁਰ ਵਾਲਿਆਂ ਨੇ ਅੰਮ੍ਰਿਤਸਰ ਵਿੱਚ ਹੋਈ ਕਾਨਫ੍ਰੰਸ ਵਿਖੇ ਸੁਝਾ ਦਿਤਾ ਸੀ ਤੇ ਛਪਾ ਕੇ ਪੈਂਫਲਿਟ ਵੀ ਵੰਡਿਆ ਸੀ । ਉਨ੍ਹਾਂ ਦੇ ਸੁਝਾਵਾਂ ਨੂੰ ਵਿਚਾਰਨ ਤੇ ਕੁਝ ਕਰਨ ਲਈ ਇਸ ਕਾਨਫ੍ਰੰਸ਼ ਵਿੱਚ ਇਕ ਕਮੇਟੀ ਨੀਅਤ ਕਰਨੀ ਲਾਹੇਵੰਦ ਹੋਵੇਗੀ ।

ਬੱਚਿਆਂ ਅਤੇ ਬਦੇਸ਼ਾਂ ਵਿੱਚ ਵਸਦੇ ਸਿੱਖਾਂ ਲਈ, ਤੇ ਜੋ ਸਿੱਖ ਨਹੀਂ ਹਨ ਉਨ੍ਹਾਂ ਨੂੰ ਵੀ ਸਿੱਖੀ ਬਾਬਤ ਮੁੱਢਲੀ ਜਾਣਕਾਰੀ ਦੇਣ ਲਈ ਅੰਗਰੇਜੀ ਵਿੱਚ ਖਾਸ ਕਿਤਾਬਾਂ, ਸਿੱਖ ਕਲਚਰ ਤੇ ਹਿਸਟਰੀ ਬਾਬਤ ਲਿਖਣ ਵਲ ਧਿਆਨ ਦੇਣ ਦੀ ਲੋੜ ਹੈ । ਸਰਦਾਰ ਗੁਰਦਿਆਲ ਸਿੰਘ ਢਿਲੋਂ ਤੇ ਪ੍ਰੋਫੈਸਰ ਕਰਤਾਰ ਸਿੰਘ ਹੋਰਾਂ ਦੀਆਂ ਲਿਖੀਆਂ ''ਸਟੋਰੀਜ਼ ਫਰੋਮ ਸਿੱਖ ਹਿਸਟਰੀ'' ਅਤੇ ਪੰਜਾਬ ਐਂਡ ਸਿੰਧ ਬੈਂਕ ਦੀਆਂ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਦੀਆਂ ਕਿਤਾਬਾਂ, ਬੱਚਿਆਂ ਲਈ ਬਹੁਤ ਲਾਭਦਾਇਕ ਹਨ । ਇਨ੍ਹਾਂ ਵਰਗੀਆਂ ਹੋਰ ਕਿਤਾਬਾਂ ਛਪਾਵਨ ਦੀ ਲੋੜ ਹੈ ।

ਆਲ ਇੰਡੀਆ ਗੁਰਦੁਆਰਾ ਐਕਟ ਬਾਬਤ ਵੀ ਵਿਚਾਰ ਕਰਨੀ ਜ਼ਰੂਰੀ ਹੈ । ਇਸ ਦਾ ਖਰੜਾ ਚੀਫ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਬਾਕੀ ਸਾਰੇ ਹਿੰਦੁਸਤਾਨ ਦੀਆਂ ਸਭਾ ਸੁਸਾਇਟੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਬਣਿਆ ਹੈ ਤੇ ਇਸ ਨਾਲ ਕਿਸੇ ਸਿੱਖ ਸੰਪਰਦਾ ਦੇ ਡੇਰਿਆਂ ਜਾਂ ਸਿੰਘ ਸਭਾਵਾਂ ਦੀ ਮੈਨੇਜਮੈਂਟ ਵਿੱਚ ਕਿਸੇ ਕਿਸਮ ਦੀ ਦਖਲ-ਅੰਦਾਜੀ ਨਹੀਂ ਹੋਣ ਲਗੀ, ਪ੍ਰੰਤੂ ਗੁਰਦੁਆਰੇ ਜਦੀ ਜਾਇਦਾਦ ਬਨਣ ਤੋਂ ਰੁਕ ਜਾਣਗੇ ਤੇ ਗੁਰਮੱਤ ਦੇ ਮੁਢਲੇ ਅਸੂਲ ਕਿ ਜਿਥੇ

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਥੇ ਕਿਸੇ ਚੀਜ ਜਾਂ ਵਿਅਕਤੀ ਦੀ ਪੂਜਾ ਨਹੀਂ ਹੋਣੀ ਚਾਹੀਦੀ, ਸਾਕਾਰ ਹੋ ਸਕੇਗਾ। ਹਰ ਇਕ ਪ੍ਰਾਂਤ ਦੀ ਪਰਬੰਧਕ ਕਮੇਟੀ, ਜੋ ਉਸ ਪ੍ਰਾਂਤ ਦੇ ਇਤਿਹਾਸਕ ਗੁਰਦਵਾਰਿਆਂ ਦਾ ਇੰਤਜ਼ਾਮ ਕਰੇਗੀ, ਬਿਲਕੁਲ ਇੰਨਡੀਪੇਂਡਟ ਹੋਵੇਗੀ।

ਅਸਾਡੇ ਗੁਰਦੁਆਰੇ, ਜਿਨ੍ਹਾਂ ਤੇ ਕੌਮ ਦਾ ਬੇਅੰਤ ਸਰਮਾਇਆ ਲੱਗਾ ਹੋਇਆ ਹੈ ਧਾਰਮਿਕ ਵਿਦਿਆ ਅਤੇ ਕੀਰਤਨ ਦੇ ਕੇਂਦਰ, ਖਾਸ ਕਰਕੇ ਬੱਚੇ ਬੱਚਿਆਂ ਲਈ ਬਣਨੇ ਚਾਹੀਦੇ ਹਨ, ਪੰਜਾਬ ਤੋਂ ਬਾਹਰ ਪੰਜਾਬੀ ਦੀ ਪੜ੍ਹਾਈ ਲਈ ਵੀ ਸੰਡੇ ਸਕੂਲਾਂ ਦੀਆਂ ਲੀਹਾਂ ਉਤੇ, ਪੰਜਾਬੀ ਪੜ੍ਹਾਨ ਲਈ ਤੇ ਪੰਜਾਬੀਅਤ ਦੇ ਧੁਰੇ ਨਾਲ ਜੋੜਨ ਵਿੱਚ ਬੇਹਦ ਸਹਾਈ ਹੋ ਸਕਦੇ ਸਨ।

## ਉਦਘਾਟਨੀ ਭਾਸ਼ਣ ਸਰਦਾਰ ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ :

ਸਰਦਾਰ ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਨੇ ਕਾਨਫ੍ਰੰਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਸੁਆਗਤ ਕਮੇਟੀ ਬਚਿਆਂ ਨੂੰ ਰੋਜ਼ਗਾਰ ਅਧਾਰਤ ਵਿਦਿਆ ਦਾ ਸਕੂਲ ਖੋਲ੍ਹਣ ਦਾ ਪਰਬੰਧ ਕਰ ਰਹੀ ਹੈ, ਜਿਸ ਲਈ ਸੁਆਗਤ ਕਮੇਟੀ ਵਧਾਈ ਦੀ ਪਾਤਰ ਹੈ ਅਤੇ ਪਰਬੰਧਕ ਧੰਨਤਾ ਯੋਗ ਹੋਣਗੇ। ਉਹਨਾਂ ਕਿਹਾ ਕਿ ਜਿਹੜੇ ਬੱਚੇ ਪਾਸ ਹੋ ਕੇ ਆਪਣਾ ਰੋਜ਼ਗਾਰ ਕਰਨਾ ਚਾਹੁੰਣਗੇ ਉਨ੍ਹਾਂ ਨੂੰ ਪੰਜਾਬ ਐਂਡ ਸਿੰਧ ਬੈਂਕ ਕਰਜ਼ਾ ਦੇ ਕੇ ਸਿਲਾਈ ਦੀਆਂ ਮਸ਼ੀਨਾਂ, ਟਾਈਪ ਰਾਈਟਰ, ਅਤੇ ਹੋਰ ਸੰਦ ਅਤੇ ਔਜ਼ਾਰ ਖਰੀਦਨ ਲਈ ਸਹੂਲਤਾਂ ਦੇਵੇਗਾ। ਉਹਨਾਂ ਕਿਹਾ ਕਿ ਇਸ ਦੇ ਨਾਲ ਨਾਲ ਗੁਰਬਾਣੀ ਪ੍ਰਚਾਰ ਕਰਨਾ ਵੀ ਲਾਜ਼ਮੀ ਹੈ। ਵਰਤਮਾਨ ਅਟਾਮਿਕ ਯੁਗ ਹੈ ਅਤੇ ਅਸੀਂ ਉਸ ਵਿੱਚ ਰਹਿ ਰਹੇ ਹਾਂ। ਮੈਨੂੰ ਖੁਸ਼ੀ ਹੈ ਕਿ ਸੁਆਗਤ ਕਮੇਟੀ ਨੇ ਅੰਮ੍ਰਿਤ ਛਕਾਉਣ ਦਾ ਜੋ ਟੀਚਾ 5400 ਪਰਾਣੀਆਂ ਦਾ ਮਿਥਿਆ ਸੀ ਉਸ ਤੋਂ ਕਈ ਗੁਣਾਂ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਇਹ ਗਿਣਤੀ 7500 ਤੱਕ ਪੁੱਜ ਚੁੱਕੀ ਹੈ। ਲੋੜ ਇਸ ਦੀ ਗੱਲ ਹੈ ਕਿ ਦੇਖਣਾ ਹੈ ਕਿ ਅੰਮ੍ਰਿਤ ਛੱਕਣ ਉਪਰੰਤ ਕਿੰਨੀਆਂ ਪ੍ਰਾਣੀਆਂ ਅਮਲ ਕਰਦੀਆਂ ਹਨ। ਚੀਫ਼ ਖਾਲਸਾ ਦੀਵਾਨ ਦਾ ਫਰਜ਼ ਬਣਦਾ ਹੈ ਕਿ ਗੁਰੂ ਦੇ ਸਰੂਪ ਨੂੰ ਜੋ ਖਤਮ ਕੀਤਾ ਜਾ ਰਿਹਾ ਹੈ ਉਸ ਨੂੰ ਬਰਕਰਾਰ ਰਖੀਏ ਅਤੇ ਸਾਨੂੰ ਸੋਚਣਾ ਪਏਗਾ ਕਿ ਇਹ ਰੋਗ ਕਿਵੇਂ ਕੱਢਿਆ ਜਾ ਸਕੇ।

ਅਜੋਕਾ ਸਿੱਖ ਅਮੀਰ ਹੋ ਗਿਆ ਹੈ ਪਰ ਪੰਥ ਗਰੀਬ ਹੋ ਰਿਹਾ ਹੈ। ਪੰਥ ਦੀ ਜਾਨ ਆਚਰਣ ਹੈ, ਆਚਰਣ ਦੀ ਨੀਂਹ ਗੁਰਬਾਣੀ ਦਾ ਅਧਿਐਨ ਹੈ, ਸਿਮਰਨ ਹੈ, ਸੇਵਾ ਹੈ, ਜਿਸ ਲਈ ਬੱਚਿਆਂ ਵਿੱਚ ਮਾਪਿਆ ਦਾ ਸ਼ਮਿਲਤ ਨਾ ਹੋਣ ਦੀ ਘਾਟ ਹੈ। ਮੇਰੀ ਅਪੀਲ ਹੈ ਕਿ ਇਸ ਘਾਟ ਨੂੰ ਦੂਰ ਕਰਨ ਲਈ ਸ਼ਾਮ ਦਾ ਸੋਦਰ ਦਾ ਪਾਠ ਸਾਂਝਾ ਕੀਤਾ ਕਰੀਏ। ਬੱਚਿਆਂ ਦੀ ਗੁਰਬਾਣੀ ਭੁੱਖ ਨਾ ਘਟਣ ਦੇਈਏ ਅਤੇ ਇਸ ਵੱਲ ਵਧੇਰੇ ਧਿਆਨ ਦੇਈਏ ਅਤੇ ਉਪਰਾਲੇ ਕੀਤੇ ਜਾਣ। ਇਸ ਦਾ ਇਕ ਇਹ ਇਲਾਜ ਵੀ ਹੈ ਕਿ ਅਸੀਂ ਬਾਣੀ ਨੂੰ ਆਪਣੇ ਸੌਣ ਵਾਲੇ ਕਮਰਿਆਂ ਵਿੱਚ ਲੈ ਜਾਈਏ ਤਾਂ ਕਿ ਰਾਤੀ ਸੌਣ ਸਮੇ ਅਤੇ ਸਵੇਰੇ ਜਾਗਣ ਤੇ ਉਠਣ ਸਮੇਂ ਬਾਣੀ ਦੀ ਅਵਾਜ਼ ਅਤੇ ਸ਼ਬਦ ਕੰਨਾਂ ਵਿੱਚ ਪੈਣ। ਅਜਿਹੀਆਂ ਸਹੂਲਤਾਂ ਪਰਦਾਨ ਕਰਨ ਲਈ ਜੇ ਲੋੜ ਸਮਝੀ ਜਾਵੇ ਤਾਂ ਇੱਕ ਟਰੱਸਟ ਜ਼ਾਰੀ ਕੀਤਾ ਜਾਵੇ ਜਿਸ ਲਈ ਫੰਡ ਇਕੱਤਰ ਕੀਤੇ ਜਾਣ ਅਤੇ ਉਸ ਵਿਚੋਂ ਸਹਾਇਤਾ ਅਤੇ ਸਬਸਿਡੀ ਇਸ ਕਾਰਜ ਲਈ ਦਿਤੀ ਜਾਵੇ। ਘਰੇਗੀ ਪਰਵਾਰਕ ਜੋੜਮੇਲਿਆਂ ਵਿੱਚ ਵੀ ਗੁਰਬਾਣੀ ਵਿਚਾਰ ਸਾਂਝੇ ਕੀਤੇ ਜਾਣੇ ਚਾਹੀਦੇ ਹਨ ਅਤੇ ਇਸ ਪਾਸੇ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਸੁਝਾਅ ਦਿਤਾ ਕਿ ਵਰਤਮਾਨ ਕਾਲ ਮੁਕਾਬਲੇ ਦਾ ਜੁਗ ਹੈ ਅਤੇ ਪੰਥ ਨੂੰ ਇਸ ਪਾਸੇ ਵਧੇਰੇ ਧਿਆਨ ਦਿਤੇ ਜਾਣ ਦੀ ਲੋੜ ਹੈ ਤਾਂ ਕਿ ਬੱਚੇ ਇਹਨਾਂ ਪਰੀਖਿਆਵਾਂ ਵਿੱਚ ਪ੍ਰਥਮ ਸਥਾਨ ਪ੍ਰਾਪਤ ਕਰਕੇ ਉਚ ਕੋਟੀ ਦੀਆਂ ਪੱਦਵੀਆਂ ਤੇ ਨਿਯੁਕਤੀਆਂ ਹਾਸਲ ਕਰ ਸਕਣ। ਉਹਨਾਂ ਨੇ ਇਹ ਵੀ ਕਿਹਾ ਕਿ ਪਬਲਿਕ ਸਕੂਲਾਂ ਦੀ ਚੀਫ਼ ਖਾਲਸਾ ਦੀਵਾਨ ਵਲੋਂ ਜਾਰੀ ਕੀਤੀ ਲਹਿਰ ਦੇ ਪ੍ਰਤੀਕਰਮ ਸੰਤੋਖਜਨਕ ਹਨ ਅਤੇ ਇਸ ਲਹਿਰ ਨੂੰ ਵਧੇਰੇ ਕਾਮਯਾਬ ਬਣਾਉਣ ਲਈ ਜਾਰੀ ਕੀਤੇ ਸਕੂਲਾਂ ਵਿੱਚ ''ਔਡੀਓ ਵਿਜੂਅਲ ਏਡਜ਼'' ਮੁਹੱਈਆ ਕੀਤੀਆਂ ਜਾਣ, ਜਿਨ੍ਹਾਂ ਰਾਹੀਂ ਬੱਚਿਆਂ

ਨੂੰ ਆਪਣੇ ਸਿੱਖੀ ਵਿਰਸੇ ਦੀ ਪਿਛੋਕੜ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਗੁਰੂ ਸਾਹਿਬਾਨ ਵਲੋਂ ਦਰਸਾਈਆਂ ਲੀਹਾਂ ਤੇ ਚੱਲਣ ਲਈ ਬੱਚਿਆ ਨੂੰ ਪਰੇਰਿਆ ਜਾਏ।

ਸ: ਇੰਦਰਜੀਤ ਸਿੰਘ ਨੇ ਐਲਾਨ ਕੀਤਾ ਸੀ ਕਿ ਸਾਰੀ ਦੁਨੀਆਂ ਵਰਤਮਾਨ ਸਾਲ "ਅੰਗਹੀਣ ਸਾਲ" ਮਨਾ ਰਹੀ ਹੈ। ਸਾਨੂੰ ਲੋੜ ਹੈ ਭਗਤ ਪੂਰਨ ਸਿੰਘ ਵਾਂਗ ਸਾਡੇ ਵਿੱਚੋਂ ਕਈ ਸੱਜਣ ਨਿੱਤਰ ਕੇ ਅੰਗਹੀਣਾਂ ਲਈ ਆਪਣੀ ਜ਼ਿੰਦਗੀ ਉਹਨਾਂ ਦੀ ਸੇਵਾ ਵਿੱਚ ਲਾ ਦੇਣ। ਉਹਨਾਂ ਦੁਹਰਾਇਆ ਕਿ ਅੱਜ ਸਵੇਰ ਦੇ ਧਾਰਮਿਕ ਦੀਵਾਨ ਵਿੱਚ ਉਨ੍ਹਾਂ ਨੇ ਪੰਜਾਬ ਸਿੰਧ ਬੈਂਕ ਵਲੋਂ ਦੋ ਸੂਰਮਾ ਸਿੰਘ ਰਾਗੀ ਸਿੰਘਾਂ ਨੂੰ ਬਤੌਰ ਰਾਗੀ ਸਿੰਘ ਨਿਯੁਕਤ ਕਰਨ ਦਾ ਐਲਾਨ ਕੀਤਾ ਸੀ, ਬੈਂਕ ਉਹਨਾਂ ਨੂੰ ਨਿਯੁਕਤੀ ਦੇਵੇਗਾ, ਜਿਸ ਦਾ ਸੁਆਗਤ ਜੈਕਾਰਿਆਂ ਨਾਲ ਕੀਤਾ ਗਿਆ। ਸ: ਇੰਦਰਜੀਤ ਸਿੰਘ ਨੇ ਭਰੇ ਸਮਾਗਮ ਵਿਚ ਹੀ ਇਹ ਵੀ ਐਲਾਨ ਕਰਦਿਆਂ ਮੰਗ ਕੀਤੀ ਕਿ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਅਗਲਾ ਸਮਾਗਮ ਦਿੱਲੀ ਵਿਖੇ ਕੀਤੀ ਜਾਣ ਲਈ ਸਹਿਮਤੀ ਦਿਤੀ ਜਾਵੇ। ਸ: ਸੰਤ ਸਿੰਘ ਜੀ ਜਨਰਲ ਸਕੱਤਰ ਕਾਨਫ੍ਰੰਸ ਨੇ ਦੱਸਿਆ ਕਿ ਅਗਲਾ ਸਮਾਗਮ ਲੁਧਿਆਣਾ ਵਿਖੇ ਕੀਤੇ ਜਾਣ ਲਈ ਉਥੋਂ ਦੀ ਚੀਫ ਖਾਲਸਾ ਦੀਵਾਨ ਦੀ ਸਥਾਨਕ ਕਮੇਟੀ ਦੇ ਉੱਚ ਅਧਿਕਾਰੀ ਪੁਜੇ ਹੋਏ ਹਨ ਅਤੇ ਉਨ੍ਹਾਂ ਦੀ ਮੰਗ ਹੈ ਜਿਸ ਕਰਕੇ ਉਹ ਲੁਧਿਆਣਾ ਦੀ ਸੰਗਤ ਨੂੰ ਬੇਨਤੀ ਕਰਨਗੇ ਕਿ ਉਹ ਕਾਨਫ੍ਰੰਸ ਦਾ 56ਵਾਂ ਸਮਾਗਮ ਉਥੇ ਕਰਨ ਜਿਸ ਦੀ ਪਰਵਾਨਗੀ ਜੈਕਾਰਿਆਂ ਨਾਲ ਦਿਤੀ ਗਈ।

## ਸਰੋਪੇ ਅਤੇ ਸਨਮਾਨ ਪਰਦਾਨ ਕਰਨਾ।

14 ਮਾਰਚ, 1981 ਨੂੰ ਕਾਨਫ੍ਰੰਸ ਦੇ ਉਦਘਾਟਨੀ ਸਮਾਗਮ ਵਿਚ ਪਿਛਲੀ ਚਲਾਈ ਪਰੰਪਰਾ ਨੂੰ ਉਤਸਾਹਤ ਕਰਨ ਲਈ ਹੇਠ ਲਿਖੇ ਵਿਅਕਤੀਆਂ ਨੂੰ ਸਰੋਪੇ ਅਤੇ ਸ੍ਰੀ ਸਾਹਿਬ ਉਹਨਾਂ ਵਲੋਂ ਵੱਖ–ਵੱਖ ਖੇਤਰਾਂ ਵਿੱਚ ਸਿੱਖ ਕੌਮ ਦੇ ਨਾਮ ਨੂੰ ਰੌਸ਼ਨ ਕਰਨ ਲਈ ਕੀਤੀਆਂ ਸੇਵਾਵਾਂ ਉਜਾਗਰ ਕਰਨ ਲਈ ਪਰਦਾਨ ਕੀਤੇ :–

1) ਜਸਟਿਸ ਮੋਤਾ ਸਿੰਘ, ਯੂ.ਕੇ. ਪਹਿਲਾ ਸਿੱਖ ਜੱਜ ਯੂ.ਕੇ. ਵਿੱਚ
2 ਭਗਤ ਪੂਰਨ ਸਿੰਘ ਪਿੰਗਲਵਾੜਾ, ਸ਼ੋਸ਼ਲ ਵਰਕਰ, ਪਿੰਗਲਵਾੜਾ
3) ਸ: ਸਾਧੂ ਸਿੰਘ ਆਟੋਪਿਜਟਨ, ਅੰਮ੍ਰਿਤਸਰ। ਉੱਘਾ ਸਨਅਤਕਾਰ
4) ਡਾ: ਜਸਵੰਤ ਸਿੰਘ ਨੇਕੀ, ਮਨੋਵਿਗਿਆਨਕ ਮਾਹਿਰ
5) ਡਾ: ਗੋਪਾਲ ਸਿੰਘ, ਅੰਮ੍ਰਿਤਸਰ, ਪਰਗਾਮੀ ਫਾਰਮਰ
6) ਸ: ਹਰਬੰਸ ਸਿੰਘ, ਨਵੀਂ ਦਿੱਲੀ, ਸੋਸ਼ਲ ਵਰਕਰ
7) ਪ੍ਰੋ: ਕਰਤਾਰ ਸਿੰਘ, ਹੁਸ਼ਿਆਰਪੁਰ, ਸੋਸ਼ਲ ਵਰਕਰ
8) ਸ: ਵਰਿਆਮ ਸਿੰਘ ਗਿੱਲ, ਹੇਮਕੁੰਟ ਮਿਸ਼ਨ, ਸ਼ੋਸ਼ਲ ਵਰਕਰ
9) ਸ: ਦਿਲਬੀਰ ਸਿੰਘ, ਸਾਬਕਾ ਆਨਰੇਰੀ ਸਕੱਤਰ, ਐਜੂਕੇਸ਼ਨਲ ਕਮੇਟੀ।
10) ਪ੍ਰਿੰਸੀਪਲ ਜਗਦੀਸ਼ ਸਿੰਘ, ਵਿਦਿਅਕ ਮਾਹਿਰ ਅਤੇ ਪੰਜਾਬ ਸਰਕਾਰ ਵਲੋਂ ਸੰਤ ਸਿੰਘ ਸੁੱਖਾ ਸਿੰਘ ਸਕੂਲ, ਅੰਮ੍ਰਿਤਸਰ ਨੂੰ ਉੱਤਮ ਸਕੂਲ ਕਰਾਰ ਕਰਨਾ।

## 15 ਮਾਰਚ, 1981 ਨੂੰ ਕਾਨਫ੍ਰੰਸ ਸਮਾਗਮ ਤੇ ਦਿੱਤੇ ਗਏ ਸਨਮਾਨ ਅਤੇ ਸਰੋਪਾ :

1) ਸ: ਸ਼ਮਸ਼ੇਰ ਸਿੰਘ (ਕਾਨਪੁਰ) ਹਾਲ ਅਮਰੀਕਾ
2) ਸ: ਗੁਲਾਬ ਸਿੰਘ, ਬਜ਼ੁਰਗ ਖਿਡਾਰੀ।

## ਨੈਸ਼ਨਲ ਫੰਡ ਦੀ ਅਪੀਲ :

ਸ: ਸੰਤ ਸਿੰਘ ਜਨਰਲ ਸਕੱਤਰ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਨੇ ਸ: ਸਮਸ਼ੇਰ ਸਿੰਘ ਅਮਰੀਕਾ ਨਿਵਾਸੀ ਨੂੰ ਬੇਨਤੀ ਕੀਤੀ ਹੈ ਕਿ ਉਹ ਨੈਸ਼ਨਲ ਫੰਡ ਲਈ ਅਪੀਲ ਕਰਨ। ਸ: ਸਮਸ਼ੇਰ ਸਿੰਘ ਜੀ ਨੇ ਇਸ ਫੰਡ ਦੀ ਮਹੱਤਤਾ ਦੱਸਦਿਆਂ ਹੋਇਆਂ ਪੰਥ ਨੂੰ ਅਪੀਲ ਕੀਤੀ ਕਿ ਉਹ 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਚੰਡੀਗੜ੍ਹ ਵਲੋਂ ਉਲੀਕੇ ਪਰੋਗਰਾਮ ਅਤੇ ਮਨੋਰਥਾਂ ਲਈ ਵੱਧ ਚੜ੍ਹ ਕੇ ਮਾਇਆ ਦੇ ਗਫੇ ਅਰਦਾਸ ਕਰਾਉਣ। ਅਪੀਲ ਦੇ ਉੱਤਰ ਵਿੱਚ ਸਰਦਾਰ ਗੰਗਾ ਸਿੰਘ ਜੀ ਪਰਧਾਨ ਕਾਨਫ੍ਰੰਸ ਨੇ 1100/-ਰੁਪਏ ਬਾਲ ਆਸ਼ਰਮ ਤੇ ਵੋਕੇਸ਼ਨਲ ਟਰੇਨਿੰਗ ਆਸ਼ਰਮ ਲਈ ਦੇਣੇ ਪਰਵਾਨ ਕੀਤੇ ਅਤੇ ਦੋ ਲੱਖ ਰੁਪਏ ਬਾਹਰੋਂ ਜਮਾਂ ਕਰਕੇ ਭੇਜਣ ਦਾ ਐਲਾਨ ਕੀਤਾ। ਸ: ਸ਼ਮਸ਼ੇਰ ਸਿੰਘ ਜੀ ਨੇ ਆਪਣੇ ਪਰਵਾਰ ਵਲੋਂ 1100/- ਰੁਪਏ, ਸ: ਜਸਪਾਲ ਸਿੰਘ ਬੰਬੇ ਵਾਲੇ ਦੇ ਪਰਵਾਰ ਵਲੋਂ 1100/- ਰੁਪਏ, ਸ: ਅਤਰ ਸਿੰਘ ਜੀ ਚੰਡੀਗੜ੍ਹ 1100/- ਰੁਪਏ, ਭਾਈ ਅਸ਼ੋਕ ਸਿੰਘ ਚੰਡੀਗੜ੍ਹ 1100/- ਰੁਪਏ, ਸ: ਇੰਦਰਜੀਤ ਸਿੰਘ ਅਵਤਾਰ ਸਿੰਘ ਚੰਡੀਗੜ, 1100/- ਰੁਪਏ ਲੋਕਲ ਕਮੇਟੀ, ਚੀਫ ਖਾਲਸਾ ਦੀਵਾਨ ਦਿਲੀ 2100/- ਰੁਪਏ ਅਤੇ ਹੋਰ ਦਾਨੀ ਸਜਨਾਂ ਨੇ ਨਕਦ ਅਤੇ ਇਕਰਾਰੀ ਰਕਮਾਂ ਦਿਤੀਆਂ।

## ਲੰਗਰ :

ਗੁਰੂ ਕਾ ਲੰਗਰ ਕਾਨਫ੍ਰੰਸ ਦੇ ਤਿੰਨੋਂ ਦਿਨ ਅਤੁੱਟ ਵਰਤਦਾ ਰਿਹਾ। ਤਿੰਨ ਦਿਨ ਰਾਤ ਦਿਨ ਦੀ ਅਨਥਕ ਸੇਵਾ ਸ: ਨਰਿੰਜਨ ਸਿੰਘ, ਸ: ਅਤਰ ਸਿੰਘ, ਮਾਤਾ ਭਾਗ ਕੌਰ, ਸ: ਭਾਗ ਸਿੰਘ, ਸ: ਗੁਰਚਰਨ ਸਿੰਘ, ਸ: ਫਤਹਿ ਸਿੰਘ, ਪ੍ਰੋ: ਅਮਰ ਸਿੰਘ ਨੇ ਨਿਭਾਈ। ਕਾਨਫ੍ਰੰਸ ਦੇ ਉਦਘਾਟਨੀ ਸਮਾਗਮ-ਪਰਧਾਨ ਜੀ ਦੇ ਭਾਸ਼ਨ, ਸੁਆਗਤੀ ਐਡਰੇਸ ਆਦਿ ਦੇ ਸਮਾਗਮ ਉਪਰੰਤ, ਹਾਜਰ ਹੋਏ ਡੈਲੀਗੇਟਾਂ ਦੀ ਹਜਾਰਾਂ ਦੀ ਗਿਣਤੀ ਵਿਚ ਦੋ ਵਜੇ ਬਾਅਦ ਦੁਪਹਿਰ ਪੰਗਤਾਂ ਵਿਚ ਬੇਠ ਵਾਹਿਗੁਰੂ ਜੀ ਦਾ ਨਾਮ ਜਪਦਿਆਂ ਲੰਗਰ ਛਕਿਆ। ਲੰਗਰ ਵਿੱਚ ਦੇਸ਼ ਪਰਦੇਸ਼ ਤੋਂ ਆਈਆਂ ਭਾਰੀ ਗਿਣਤੀ ਵਿਚ ਸੰਗਤ ਦੇ ਰੂਪ ਵਿਚ ਪੰਗਤਾਂ ਵਿਚ ਬੈਠ ਕੇ ਤਿੰਨ ਦਿਨ ਲੰਗਰ ਛਕਦੀਆਂ ਰਹੀਆਂ। ਚੰਡੀਗੜ੍ਹ ਨਿਵਾਸੀਆਂ ਵਲੋਂ ਸੇਵਾ ਭਾਵ ਡੁੱਲ-ਡੁੱਲ ਪੈਂਦਾ ਸੀ।

## ਵਲੰਟੀਅਰਜ਼ ਸੇਵਾ :

ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਸਾਈਕਲਾਂ, ਸਕੂਟਰਾਂ ਅਤੇ ਜੋੜਿਆਂ ਦੀ ਸੇਵਾ ਨਿਰੰਤਰ ਤਿੰਨ ਦਿਨ ਨਿਭਾਈ। ਇਹ ਸੇਵਾ ਸ: ਰਾਜਿੰਦਰ ਸਿੰਘ ਅਤੇ ਸ: ਬਤਰਾ ਸਾਹਿਬ ਦੀ ਨਿਗਰਾਨੀ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਦਿਨ ਰਾਤ ਇਕ ਕਰਕੇ ਨਿਭਾਈ।

## ਰਿਹਾਇਸ਼ੀ ਪ੍ਰਬੰਧ :

ਡੈਲੀਗੇਟ-ਸਾਹਿਬਾਨ ਅਤੇ ਆਏ ਮਹਿਮਾਨਾਂ ਦਾ ਸੰਤੋਖ-ਜਨਕ ਰਿਹਾਇਸ਼ ਲਈ ਪਰਬੰਧ ਕੀਤਾ ਗਿਆ ਸੀ। ਸ: ਗੁਰਚਰਨ ਸਿੰਘ ਠੇਕੇਦਾਰ, ਪ੍ਰੋਫੈਸਰ ਨਰਿੰਦਰ ਸਿੰਘ ਅਤੇ ਸ੍ਰੀ ਛਿੰਦੀ ਨੇ ਆਏ ਮਹਿਮਾਨਾਂ ਦੀ ਦੇਖ ਭਾਲ ਅਤੇ ਰਿਹਾਇਸ਼ ਲਈ ਤਿੰਨ ਦਿਨ ਨਿਰੰਤਰ ਸੇਵਾ ਕੀਤੀ। ਪ੍ਰੋ: ਕਰਤਾਰ ਸਿੰਘ, ਹੁਸ਼ਿਆਰਪੁਰ ਅਤੇ ਹੇਮਕੁੰਟ ਮਿਸ਼ਨ ਦੀ ਮੋਟਾਰੇਰ ਮਹਿਮਾਨਾਂ ਨੂੰ

ਲਿਆਉਣ ਜਾਣ ਵਿਚ ਸਫਲ ਸੇਵਾ ਨਿਭਾ ਰਹੇ ਸਨ । ਮਹਿਮਾਨ ਅਤੇ ਡੈਲੀਗੇਟਾਂ ਦੇ ਪ੍ਰਬੰਧ ਲਈ ਐਮ. ਐਲ. ਏਜ. ਹੋਸਟਲ, ਯੂ. ਟੀ. ਗੈਸਟ ਹਾਊਸ, ਯੂਨੀਵਰਸਿਟੀ ਗੈਸਟ ਹਾਊਸ, ਪੰਚਾਇਤ ਭਵਨ, ਜੰਝਘਰ ਸੈਕਟਰ 23, ਗੁਰੂ ਗੋਬਿੰਦ ਸਿੰਘ ਖਾਲਸਾ ਹਾਇਰ ਸੈਕੰਡਰੀ ਸਕੂਲ, ਸੈਕਟਰ 35 ਅਤੇ ਅਨੇਕਾਂ ਘਰਾਂ ਅਤੇ ਕੋਠੀਆਂ ਵਿਚ ਰਿਹਾਇਸ਼ ਲਈ ਪਰਬੰਧ ਕੀਤਾ ਹੋਇਆ ਸੀ । ਸ੍ਰ: ਹਰਦਿਆਲ ਸਿੰਘ, ਆਨਰੇਰੀ ਸਕੱਤਰ ਗੁਰੂ ਗੋਬਿੰਦ ਸਿੰਘ ਭਵਨ ਦੀ ਨਿਗਰਾਨੀ ਹੇਠ ਭਵਨ ਵਿਚ ਵੀ ਰਿਹਾਇਸ਼ ਦਾ ਪਰਬੰਧ ਕੀਤਾ ਹੋਇਆ ਸੀ ਅਤੇ ਉਹਨਾਂ ਦੀ ਅਤੇ ਉਹਨਾਂ ਦੇ ਸਟਾਫ ਦੀ ਅਗਵਾਈ ਹਰ ਸਮੇਂ ਪਰਾਪਤ ਸੀ ।

## ਕਵੀ ਦਰਬਾਰ :

ਕਾਨਫ੍ਰੰਸ ਦੇ ਤੀਸਰੇ ਦਿਨ 15 ਮਾਰਚ 1981 ਨੂੰ ਰਾਤ ਦੇ ਪਰੋਗਰਾਮ ਦਾ ਆਰੰਭ ਆਲ ਇੰਡੀਆ ਰੇਡੀਉ ਵਲੋਂ ਤਿਆਰ ਕੀਤੀਆਂ 'ਦਸਤਾਵੇਜ਼ੀ' ਫਿਲਮਾਂ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦੇ ਸਬੰਧ ਵਿਚ ਗੁਰੂ ਗੋਬਿੰਦ ਸਿੰਘ ਭਵਨ ਦੇ ਵਸੀਹ ਹਾਲ ਵਿਚ ਸਾਢੇ ਸਤ ਤੋਂ ਸਾਢੇ ਅਠ ਵਜੇ ਤਕ ਦਿਖਾਈਆਂ ਗਈਆਂ ।

ਕਾਨਫ੍ਰੰਸ ਪੰਡਾਲ ਵਿਚ ਸਾਢੇ ਅਠ ਤੋਂ ਸਾਢੇ ਗਿਆਰਾਂ ਵਜੇ ਤਕ ਬੜੇ ਵੱਡੇ ਪੈਮਾਨੇ ਤੇ ਵਿਸ਼ਾਲ ਕਵੀ ਦਰਬਾਰ ਕੀਤਾ ਗਿਆ । ਸ. ਐਚ. ਐਸ. ਦਿਲਗੀਰ ਨੇ ਬਤੌਰ ਸਟੇਜ ਸੈਕਟਰੀ ਦੀ ਸੇਵਾ ਨਿਭਾਈ । ਸਾਰਾ ਪੰਡਾਲ ਇਸਤਰੀਆਂ ਅਤੇ ਪੁਰਸ਼ਾਂ ਨਾਲ ਖਚਾ ਖਚ ਭਰਿਆ ਹੋਇਆ ਸੀ । ਪੰਜਾਬ ਦੇ ਉੱਘੇ ਕਵੀ ਸ. ਰਾਮ ਨਰਾਇਣ ਸਿੰਘ ਦਰਦੀ, ਸ੍ਰੀ ਪਰਕਾਸ਼ 'ਸਿਮਲਵੀ', ਸ: ਪਿਆਰਾ ਸਿੰਘ 'ਨਿਰਛਲ' ਸ: ਸਾਧੂ ਸਿੰਘ 'ਦਰਦ', ਸ੍ਰੀ ਦਿਆਲ ਚੰਦਾ ਮਿਗਲਾਨੀ, ਸ: ਵਿਧਾਤਾ ਸਿੰਘ 'ਕਮਾਲ', ਸ੍ਰੀ ਜੋਗਿੰਦਰ ਪਾਲ 'ਸੇਵਕ' ਅਤੇ ਸ: ਜਗਦੀਸ਼ ਸਿੰਘ 'ਜਗਦੀਸ਼' ਨੇ ਮਹਾਰਾਜਾ ਰਣਜੀਤ ਸਿੰਘ ਸਬੰਧੀ ਵਿਸ ਸਮੱਸਿਆ ''ਅਸਲ ਵਿਚ ਹੈ ਸੀ ਲੋਕਰਾਜ 'ਤੇਰਾ' ਤੇ ਉਬ ਪਾਏ ਦੀਆਂ ਕਵਿਤਾਵਾਂ ਦਾ ਉਚਾਰਨ ਕੀਤਾ। ਜਿਨ੍ਹਾਂ ਨੂੰ ਸਰੋਤਿਆਂ ਨੇ ਭਰਵੇਂ ਜੈਕਾਰਿਆਂ ਨਾਲ ਸਲਾਹਿਆ । ਕਵੀ ਦਰਬਾਰ ਦੇ ਦੂਜੇ ਦੌਰ ਵਿਚ ਦਸਤਕਾਰੀ ਵਿਦਿਆ ਦੀ ਲੋੜ ਸਬੰਧੀ ਕਵਿਤਾਵਾਂ ਪੜ੍ਹੀਆਂ ਜਾਣੀਆਂ ਸਨ ਪਰ ਸਮਾਂ ਵਧੇਰੇ ਹੋ ਜਾਣ ਕਾਰਨ ਅਤੇ ਫ਼ੁਰਮਾਇਸ਼ਾਂ ਆਉਣ ਤੇ ਕਵੀ ਜਣਾਂ ਨੇ ਖੁਲ੍ਹੀਆਂ ਕਵਿਤਾਵਾਂ ਆਪਣੇ ਪਸੰਦ ਦੀਆਂ ਪੇਸ਼ ਕੀਤੀਆਂ, ਜਿਨ੍ਹਾਂ ਦੀ ਸ਼ਲਾਘਾ ਕੀਤੀ ਗਈ । ਕਵੀ ਦਰਬਾਰ ਦੀ ਸਮਾਪਤੀ ਤੋਂ ਪਹਿਲਾਂ ਕਿਉਂਕਿ ਇਹ ਕਾਨਫ੍ਰੰਸ ਦਾ ਅਖੀਰਲਾ ਅਤੇ ਅੰਤਮ ਪਰੋਗਰਾਮ ਸੀ, ਸ: ਜੋਗਿੰਦਰ ਸਿੰਘ ਜਨਰਲ ਸਕੱਤਰ ਕਾਨਫ੍ਰੰਸ ਨੇ, ਆਏ ਸਜਣਾਂ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਪਰਬੰਧ ਵਿਚ ਜੋ ਤਰੁਟੀਆਂ ਅਤੇ ਖਾਮੀਆਂ ਰਹਿ ਗਈਆਂ ਹੋਣ ਉਹਨਾਂ ਦੀ ਸੰਗਤਾਂ ਪਾਸੋਂ ਮਾਫ਼ੀ ਮੰਗੀ । ਸ: ਹਰਬੰਸ ਸਿੰਘ ਜੀ ਚੇਅਰਮੈਨ, ਸੁਆਗਤ ਕਮੇਟੀ ਨੇ ਵੀ ਸੰਗਤਾਂ ਦਾ ਧੰਨਵਾਦ ਕਰਨ ਤੇ ਕਾਨਫ੍ਰੰਸ ਦੀ ਕਾਮਯਾਬੀ ਲਈ ਸੰਗਤਾਂ ਦਾ, ਕਵੀਜਣਾਂ ਦਾ, ਸਰੋਤਿਆਂ ਦਾ, ਦੇਸ਼ ਪਰਦੇਸ਼ ਤੋਂ ਆਏ ਡੈਲੀਗੇਟਾਂ ਦਾ ਧੰਨਵਾਦ ਕੀਤਾ, ਅੰਤ ਵਿਚ ਅਕਾਲ ਪੁਰਖ ਦੀ ਸ਼ੁਕਰਾਨੇ ਵਜੋਂ ਅਰਦਾਸ ਕੀਤੀ ਗਈ ਅਤੇ ਕਾਨਫ੍ਰੰਸ ਦੀ ਸਫਲਤਾ ਸਹਿਤ ਸਮਾਪਤੀ ਲਈ ਵੀ ਅਰਦਾਸ ਕੀਤੀ ਗਈ ।

## ਐਕਾਡਮਿਕ ਸੈਸ਼ਨ .

ਕਾਨਫ੍ਰੰਸ ਦੇ ਦੂਸਰੇ ਦਿਨ ਬਾਅਦ ਦੁਪਹਿਰ ਤਿੰਨ ਵਜੇ ਕਾਨਫ੍ਰੰਸ ਪੰਡਾਲ ਵਿਚ ਸਰਦਾਰ ਗੁਰਮੁਖ ਸਿੰਘ ਚਾਵਲਾ ਪਰਧਾਨ ਖਾਲਸਾ ਕਾਲਜ, ਮੈਨੇਜਿੰਗ ਕਮੇਟੀ, ਅੰਮ੍ਰਿਤਸਰ ਦੀ ਪਰਧਾਨਗੀ ਹੇਠ ਕੀਤੀ ਗਈ । ਸ: ਗੁਰਬਖਸ਼ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਇਸ ਸੈਸ਼ਨ ਦੇ ਕਨਵੀਨਰ ਸਨ । ਪ੍ਰਿੰਸੀਪਲ ਸ਼ੇਰਗਿਲ ਨੇ ਇਸ ਸੈਸ਼ਨ ਦੀ ਮਹੱਤਤਾ ਦਰਸਾਈ

ਅਤੇ ਕਿਹਾ ਕਿ ਸਿੱਖ ਕੌਮ ਵਲੋਂ ਜਾਰੀ ਕੀਤੀਆਂ ਸੰਸਥਾਵਾਂ ਨੂੰ ਪੇਸ਼ ਆਉਣ ਵਾਲੀਆਂ ਔਕੜਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਦੇ ਦੋ ਭਾਗ ਹੋਣਗੇ ਜਿਸ ਦੇ ਪਹਿਲੇ ਭਾਗ ਵਿਚ ਤਿੰਨ ਸੰਸਥਾਵਾਂ ਭਾਵ ਖਾਲਸਾ ਸਕੂਲ, ਖਾਲਸਾ ਪਬਲਿਕ, ਸਕੂਲ, ਖਾਲਸਾ ਕਾਲਜ ਦੇ ਮੁੱਖੀਆਂ, ਪ੍ਰਬੰਧਕਾਂ, ਅਧਿਆਪਕਾਂ ਆਦਿ ਦੀਆਂ ਸਾਂਝੀਆਂ ਔਕੜਾਂ ਵਿਚਾਰੀਆਂ ਜਾਣਗੀਆਂ ਅਤੇ ਦੂਸਰੇ ਭਾਗ ਵਿਚ ਸਿੱਖ ਪਬਲਿਕ ਸਕੂਲ ਅਤੇ ਖਾਲਸਾ ਸਕੂਲ ਤੇ ਕਾਲਜਾਂ ਦੀਆਂ ਵੱਖੋ ਵੱਖ ਇਕਤਰਤਾਵਾਂ ਹੋਣਗੀਆਂ ਜਿਨ੍ਹਾਂ ਵਿਚ ਕੇਵਲ ਉਨ੍ਹਾਂ ਨਾਲ ਸੰਬੰਧਤ ਮਾਮਲਿਆਂ ਅਤੇ ਵਿਸ਼ਿਆਂ ਬਾਰੇ ਵਿਚਾਰ ਹੋਣਗੇ। ਉਨ੍ਹਾਂ ਇਕੱਤਰਤਾਵਾਂ ਵਿਚ ਸੰਬੰਧਿਤ ਮਾਮਲਿਆਂ ਬਾਰੇ ਪਾਸ ਕੀਤੇ ਗਏ ਮਤੇ ਕਾਨਫ੍ਰੰਸ ਪੰਡਾਲ ਵਿਚ ਲੋੜੀਂਦੀ ਕਾਰਵਾਈ ਲਈ ਪੇਸ਼ ਕੀਤੇ ਜਾਣਗੇ।

ਪਹਿਲੇ ਭਾਗ ਵਿਚ ਸ: ਗੁਰਦਿਆਲ ਸਿੰਘ ਢਿਲੋਂ ਡਾਇਰੈਕਟਰ, ਦਸਮੇਸ਼ ਅਕੈਡਮੀ ਨੇ ਸਿੱਖ ਪਬਲਿਕ ਸਕੂਲਾਂ ਦੀ ਜਾਰੀ ਕੀਤੀ ਗਈ ਲਹਿਰ ਦੇ ਪਿਛੋਕੜ ਦਾ ਵਰਨਣ ਕੀਤਾ ਅਤੇ ਇਸ ਲਹਿਰ ਦੇ ਫਲਸਰੂਪ ਜਾਰੀ ਕੀਤੇ ਸਕੂਲਾਂ ਦੀਆਂ ਔਕੜਾਂ ਅਤੇ ਮਸਲਿਆਂ ਦਾ ਹੱਲ ਲਭਣ ਲਈ ਆਪਣੇ ਵਿਚਾਰ ਪਰਗਟ ਕੀਤੇ।

ਸਰਦਾਰ ਜਗਜੀਤ ਸਿੰਘ ਹੈਡਮਾਸਟਰ, ਫਰੂਕਾ ਖਾਲਸਾ ਹਾਈ ਸਕੂਲ, ਅੰਬਾਲਾ ਨੇ ਜੋ ਖਾਲਸਾ ਸਕੂਲਾਂ ਦੀ ਇਕੱਤਰਤਾ ਦੇ ਕਨਵੀਨਰ ਸਨ, ਨੇ ਵੀ ਆਪਣਾ ਭਾਵਪੂਰਵਕ ਪੇਪਰ ਪੜ੍ਹ ਕੇ ਸੁਣਾਇਆ। ਉਨ੍ਹਾਂ ਨੇ ਹਰਿਆਣਾ ਸਰਕਾਰ ਵਲੋਂ ਪੰਜਾਬੀ ਨੂੰ ਦੂਜੀ ਭਾਸ਼ਾਂ ਕਰਾਰ ਦਿਤੇ ਜਾਣ ਲਈ ਜ਼ੋਰ ਦਿੱਤਾ। ਸ: ਮਹਿਤਾਬ ਸਿੰਘ ਚੇਅਰਮੈਨ ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ, ਮਸੂਰੀ ਨੇ ਬੜੇ ਸਾਦਾ, ਸਪਸ਼ਟ ਅਤੇ ਸਰਲ ਢੰਗ ਨਾਲ ਰਿਹਾਇਸ਼ੀ ਪਬਲਿਕ ਸਕੂਲਾਂ ਦੇ ਜਾਰੀ ਕੀਤੇ ਜਾਣ ਲਈ ਆਪਣੇ ਵਿਚਾਰ ਦਿਤੇ ਅਤੇ ਇਹਨਾਂ ਸਕੂਲਾਂ ਦੀਆਂ ਔਕੜਾਂ ਦਾ ਵਰਨਣ ਕੀਤਾ। ਇਹਨਾਂ ਭਾਸ਼ਨਾਂ ਉਪਰੰਤ ਪਬਲਿਕ ਸਕੂਲ ਅਤੇ ਖਾਲਸਾ ਕਾਲਜਾਂ ਤੇ ਸਕੂਲਾਂ ਦੇ ਮੁੱਖੀਆਂ ਅਤੇ ਪ੍ਰਬੰਧਕਾਂ ਦੀਆਂ ਵੱਖੋ ਵੱਖ ਇਕੱਤਰਤਾਵਾਂ ਹੋਈਆਂ।

## ਇਕੱਤਰਤਾ ਖਾਲਸਾ ਪਬਲਿਕ ਸਕੂਲਜ਼ :

ਖਾਲਸਾ ਪਬਲਿਕ ਸਕੂਲ ਦੀ ਇਕੱਤਰਤਾ ਸਰਦਾਰ ਗੁਰਦਿਆਲ ਸਿੰਘ ਢਿਲੋਂ ਡਾਇਰੈਕਟਰ ਦਸਮੇਸ਼ ਅਕੈਡਮੀ ਦੀ ਨਿਗਰਾਨੀ ਹੇਠ ਗੁਰੂ ਗੋਬਿੰਦ ਸਿੰਘ ਭਵਨ ਦੇ ਮੀਟਿੰਗ ਹਾਲ ਵਿਚ ਹੋਈ। ਜਿਥੇ ਪੰਜੀ ਤੋਂ ਵੱਧ ਸਿੱਖ ਪਬਲਿਕ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਹੋਏ। ਸਰਦਾਰ ਮਹਿਤਾਬ ਸਿੰਘ ਜੀ ਚੇਅਰਮੈਨ, ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ, ਮਸੂਰੀ ਨੇ ਇਸ ਇਕੱਤਰਤਾ ਦੀ ਪ੍ਰਧਾਨਗੀ ਕੀਤੀ। ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ ਆਪਣੇ ਉਦਘਾਟਨੀ ਭਾਸ਼ਨ ਵਿਚ ਖਾਲਸਾ ਪਬਲਿਕ ਸਕੂਲਾਂ ਦੀ ਜਾਰੀ ਕੀਤੀ ਲਹਿਰ ਵਲ ਧਿਆਨ ਦਿਵਾਉਂਦਿਆਂ ਦੱਸਿਆ ਕਿ ਚੀਫ ਖਾਲਸਾ ਦੀਵਾਨ ਨੇ ਇਸ ਲਹਿਰ ਦਾ ਨਾਅਰਾ 1972 ਵਿਚ ਬੰਬਈ ਵਿਖੇ ਹੋਈ ਕਾਨਫ੍ਰੰਸ ਤੇ ਲਾਇਆ ਸੀ। ਕਾਨ੍ਹਪੁਰ ਅਤੇ ਅੰਮ੍ਰਿਤਸਰ ਵਿਖੇ ਹੋਈਆਂ ਕਾਨਫ੍ਰੰਸਾਂ ਤੇ ਵੀ ਖਾਲਸਾ ਪਬਲਿਕ ਸਕੂਲਾਂ ਨੂੰ ਜਾਰੀ ਕਰਨ ਹਿੱਤ ਜ਼ੋਰ ਦਿਤਾ ਜਾਂਦਾ ਰਿਹਾਂ ਹੈ। ਅੱਜ ਦੀ ਇਕੱਤਰਤਾ ਵਿਚ ਜਿਨੇ ਅਸੀਂ ਉਹਨਾਂ ਸਕੂਲਾਂ ਦੇ ਮੁਖੀ ਪ੍ਰਬੰਧਕ ਹਾਜ਼ਰ ਹੋਏ ਹਾਂ, ਇਹ ਉਹਨਾਂ ਕਾਨਫ੍ਰੰਸਾਂ ਦਾ ਸਿੱਟਾ ਹੈ। ਸਮੇਂ ਦੀ ਮੰਗ ਹੈ ਕਿ ਇਸਾਈ ਮੱਤ ਵਲੋਂ ਜਾਰੀ ਕੀਤੇ ਪਬਲਿਕ ਸਕੂਲਾਂ ਦੀ ਕਾਨਫ੍ਰੰਸ ਦੇ ਅਧਾਰ ਤੇ ਅਸੀਂ ਵੀ ਖਾਲਸਾ ਪਬਲਿਕ ਸਕੂਲਾਂ, ਪ੍ਰਵਾਣਿਤ ਅਤੇ ਅਨ-ਪ੍ਰਵਾਣਿਤ ਸਕੂਲਾਂ ਦੀ ਸੰਸਥਾ ਕਾਇਮ ਕਰੀਏ ਜਿਸ ਵਿਚ ਇਕੱਠੇ ਬੈਠ ਕੇ ਇਹਨਾਂ ਸਕੂਲਾਂ ਦੀਆਂ ਔਕੜਾ ਅਤੇ ਮਸਲਿਆਂ ਨੂੰ ਵਿਚਾਰਿਆ ਜਾ ਸਕੇ ਅਤੇ ਉਹਨਾ ਦੇ ਹਲ ਲੱਭੇ ਜਾਣ। ਸਾਡੀ ਇਹ ਸੁਸਾਇਟੀ ਰਜਿਸਟਰ ਹੋਣੀ ਚਾਹੀਦੀ ਹੈ ਅਤੇ ਉਸ ਦੇ ਮਨੋਰਥਾਂ ਅਤੇ ਆਸ਼ਿਆਂ ਵਿਚ ਅਧਿਆਪਕਾਂ ਦੇ ਸੈਮੀਨਾਰ, ਵਰਕਸ਼ਾਪ ਅਤੇ ਵਰਕਿੰਗ ਕੈਂਪ ਆਦਿ ਬਾਰੇ ਪ੍ਰੋਵੀਜ਼ਨ ਹੋਣਾ ਚਾਹੀਦਾ ਹੈ। ਸਰਦਾਰ ਮਹਿਤਾਬ ਸਿੰਘ ਨੇ ਇਹ ਵੀ ਵਿਚਾਰ ਦਿਤਾ ਕਿ ਅੰਤਰ-ਪਰਾਂਤਕ ਸਿੱਖ ਵਿਦਿਅਕ ਬੋਰਡ ਸਥਾਪਤ

ਕੀਤਾ ਜਾਵੇ, ਪਰ ਇਸ ਪੁਰ ਸੰਮਤੀ ਪ੍ਰਾਪਤ ਨਾ ਹੋ ਸਕੀ। ਉਹਨਾਂ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਅਜਿਹਾ ਬੋਰਡ ਸਥਾਪਤ ਕਰਨ ਨਾਲ ਸਾਡੇ ਸਾਂਝੇ ਮਸਲੇ ਹੱਲ ਕੀਤੇ ਜਾ ਸਕਣਗੇ। ਇਹਨਾਂ ਸਕੂਲਾਂ ਦੀ ਇਨਸਪੈਕਸ਼ਨ ਦਾ ਕੰਮ ਵੀ ਬੋਰਡ ਦੇ ਜ਼ਿੰਮੇ ਹੋਵੇਗਾ। ਪੁਰਾਣੀਆਂ ਸੰਸਥਾਵਾਂ ਨੂੰ ਮਾਲੀ ਸਹਾਇਤਾ ਦੇਣ ਵਿਚ ਸਹਾਈ ਹੋਣੀਆਂ ਚਾਹੀਦੀਆਂ ਹਨ। ਉਹਨਾਂ ਨੇ ਬੁਧੀ ਜੀਵੀਆਂ, ਵਿਦਿਅਕ ਮਾਹਿਰਾਂ ਨੂੰ ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ ਮਨਸੂਰੀ ਦਰਸ਼ਨ ਲਈ ਸੱਦਾ ਪੱਤਰ ਵੀ ਦਿਤਾ ਤਾਂ ਕਿ ਉਹ ਰਹਾਇਸ਼ੀ ਪਬਲਿਕ ਸਕੂਲਾਂ ਦੀਆਂ ਔਕੜਾਂ ਨੂੰ ਵੀ ਜਾਣ ਸਕਣ। ਇਸ ਇਕੱਤਰਤਾ ਨੇ ਸਰਬ ਸੰਮਤੀ ਨਾਲ ਹੇਠ ਲਿਖੇ ਮਤੇ ਪਰਵਾਨ ਕੀਤੇ।

1) ਪਰਵਾਨ ਹੋਇਆ ਕਿ ਸਿੱਖ ਪਬਲਿਕ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਦੀ ਇਕ ਐਸੋਸੀਏਸ਼ਨ ਬਣਾ ਕੇ ਰਜਿਸਟਰ ਕਰਵਾਈ ਜਾਵੇ ਜੋ ਸਮੇਂ ਸਮੇਂ ਇਕੱਤਰ ਹੁੰਦੀ ਰਹੇ ਤੇ ਇਨ੍ਹਾਂ ਸਿੱਖ ਸਕੂਲਾਂ ਦਾ ਮਿਆਰ ਉੱਚਾ ਕਰਨ ਲਈ ਸਹਾਇਤਾ ਕਰੇ ਅਤੇ ਦੇਵੇ;
2) ਇਸ ਐਸੋਸੀਏਸ਼ਨ ਦੇ ਨੇਮ ਉਪਨੇਮ ਬਣਾਉਣ ਲਈ ਸ: ਗੁਰਦਿਆਲ ਸਿੰਘ ਢਿਲੋਂ ਕੁਝ ਮੈਂਬਰਾਂ ਦੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

ਇਸ ਇਕੱਤਰਤਾ ਵਿਚ ਸ: ਕਰਨੈਲ ਸਿੰਘ, ਮੈਨੇਜਰ, ਦਸ਼ਮੇਸ਼ ਪਬਲਿਕ ਸਕੂਲ, ਫਰੀਦਕੋਟ, ਮਿਸ ਸੁਰਿੰਦਰ ਰੋਹੀ, ਪ੍ਰਿੰਸੀਪਲ, ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਨਵੀਂ ਦਿੱਲੀ, ਮਿਸਿਜ਼ ਟੀ. ਕੇ. ਅਨੰਦ, ਪ੍ਰਿੰਸੀਪਲ, ਗੁਰੂ ਨਾਨਕ ਪਬਲਿਕ ਸਕੂਲ, ਪੰਜਾਬੀ ਬਾਗ, ਨਵੀਂ ਦਿਲੀ, ਮਿਸਿਜ਼ ਜੀ. ਕੇ. ਚਾਵਲਾ, ਪ੍ਰਿੰਸੀਪਲ, ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿੱਲੀ, ਮਿਸ ਐਸ. ਕੇ. ਸਵਾਰਾ, ਪ੍ਰਿੰਸੀਪਲ, ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਸਹਾਰਨਪੁਰ, ਮਿਸ ਏ. ਕਰਮ ਸਿੰਘ, ਪ੍ਰਿੰਸੀਪਲ, ਗੁਰੂ ਨਾਨਕ ਪਬਲਿਕ ਸਕੂਲ,ਸੈਕਟਰ 36 ਚੰਡੀਗੜ੍ਹ, ਮਿਸਿਜ਼ ਪੀ. ਕਾਹਲੋਂ, ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ ਫ਼ਾਰ ਵਿਮਨ, ਲੁਧਿਆਣਾ, ਪੀ. ਐਸ, ਪਾਲ, ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਬੋਖਾਰੋ ਸਟੀਲ ਪਲਾਂਟ, ਬਿਹਾਰ, ਵਿੰਗ ਕਮਾਂਡਰ ਐਸ. ਐਸ. ਗਿਆਨੀ, ਪ੍ਰਿੰਸੀਪਲ, ਪੰਚਕੂਲਾ, ਕਮਾਂਡਰ ਐਸ. ਐਸ. ਸੋਇਨ, ਡਾਇਰੈਕਟਰ ਪਬਲਿਕ ਸਕੂਲਜ਼, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ, ਸ: ਜਗਦੀਸ਼ ਸਿੰਘ, ਪ੍ਰਿੰਸੀਪਲ, ਸੰਤ ਸਿੰਘ ਸੁੱਖਾ ਸਿੰਘ ਖਾਲਸਾ ਹਾਇਰ ਸੈਕੰਡਰੀ ਸਕੂਲ, ਅੰਮ੍ਰਿਤਸਰ, ਲੈਫ. ਕਰਨਲ (ਰੀਟਾਇਰਡ) ਗੁਰਚਰਨ ਸਿੰਘ, ਜਲੰਧਰ ਸ਼ਹਿਰ, ਸਰਦਾਰ ਐਚ. ਐਸ. ਸਿੰਘ। ਪ੍ਰਿੰਸੀਪਲ, ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਬਸੰਤ ਵਿਹਾਰ, ਦਿੱਲੀ, ਸ: ਪ੍ਰੀਤਮ ਸਿੰਘ ਸਰਾਏ, ਪ੍ਰਿੰਸੀਪਲ, ਸਤਲੁਜ ਪਬਲਿਕ ਸਕੂਲ, ਚੰਡੀਗੜ੍ਹ, ਸੰਤ ਬਲਬੀਰ ਸਿੰਘ, ਮੈਨੇਜਰ ਗੋਬਿੰਦ ਐਜੂਕੇਸ਼ਨਲ ਡੀਵੈਲਪਮੈਂਟ ਸੋਸਾਇਟੀ, ਪਿਲੀਭਿਤ ਆਦਿ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

## ਕੀਰਤਨ ਮੁਕਾਬਲੇ।

ਸੁਆਗਤ ਕਮੇਟੀ ਨੇ ਕਾਨਫ੍ਰੰਸ ਸਮਾਗਮ ਤੇ ਕੀਤੇ ਜਾਣ ਵਾਲੇ ਕੀਰਤਨ ਦਰਬਾਰ ਲਈ ਇਸ ਵਾਰੀ ਗੁਰਬਾਣੀ ਕੀਰਤਨ ਇਨਾਮੀ ਮੁਕਾਬਲੇ ਕੀਤੇ ਜਾਣ ਲਈ ਇਕ ਵਿਸ਼ੇਸ਼ ਸਕੀਮ ਤਿਆਰ ਕੀਤੀ ਜਿਸ ਰਾਹੀਂ 20 ਸਾਲ ਦੀ ਉਮਰ ਤੋਂ ਘਟ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਲੜਕੇ ਅਤੇ ਲੜਕੀਆਂ ਵਖੋ ਵਖ ਇਸ ਮੁਕਾਬਲੇ ਵਿਚ ਭਾਗ ਲੈ ਸਕਣਗੇ। ਇਹ ਮੁਕਾਬਲੇ ਦੋ ਪੜਾਵਾਂ ਵਿਚ ਕੀਤੇ ਗਏ। ਪਹਿਲੇ ਪੜਾਅ ਵਿਚ ਪੰਜਾਬ ਦੇ ਜ਼ਿਲਾ ਪੱਧਰ ਵਿਚ ਪਹਿਲੇ ਅਤੇ ਦੂਜੇ ਦਰਜੇ ਤੇ ਆਉਣ ਵਾਲੇ ਸਭ ਵਿਦਿਆਰਥੀ ਦੂਜੇ ਪੜਾਅ ਵਿਚ ਕਾਨਫ੍ਰੰਸ ਸਮਾਗਮ ਤੇ ਕੀਤੇ ਜਾਣ ਵਾਲੇ ਇਨਾਮੀ ਕੀਰਤਨ ਦਰਬਾਰ ਵਿਚ ਭਾਗ ਲੈਣਗੇ ਅਤੇ ਪਹਿਲੇ ਦੂਜੇ ਅਤੇ ਤੀਜੇ ਦਰਜੇ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿਤੇ ਜਾਣਗੇ।

ਕੇਂਦਰੀ ਪੱਧਰ ਤੇ 20 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਦੇ ਕੀਰਤਨ ਮੁਕਾਬਲੇ 14 ਅਤੇ 15 ਮਾਰਚ ਦੋਵੇਂ ਦਿਨ ਬਾਅਦ ਦੁਪਹਿਰ ਸਾਢੇ ਤਿੰਨ ਤੋਂ ਸਾਢੇ ਛੇ ਵਜੇ ਤਕ ਹੁੰਦੇ ਰਹੇ। 14 ਮਾਰਚ ਨੂੰ ਜ਼ਿਲਾ ਪੱਧਰ ਤੇ ਹੋਏ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਦਾ ਅੰਤਮ ਇਨਾਮੀ ਕੀਰਤਨ ਸਾਢੇ ਤਿੰਨ ਵਜੇ ਗੁਰੂ ਗੋਬਿੰਦ ਸਿੰਘ ਭਵਨ ਦੇ ਵਜ਼ੀਹ ਹਾਲ ਵਿਚ ਆਰੰਭ ਹੋਇਆ। ਇਸ ਕੇਂਦਰੀ ਮੁਕਾਬਲੇ ਵਿਚ 10 ਜੇਤੂ ਵਿਦਿਆਰਥੀਆਂ ਨੇ ਭਾਗ ਲਿਆ, ਮੁਕਾਬਲੇ ਦੀ ਨਿਗਰਾਨੀ ਸ: ਹਰਬੰਸ ਸਿੰਘ ਰੀਟਾਇਰਡ ਚੀਫ਼ ਜਸਟਿਸ, ਭਾਈ ਅਜ਼ੋਕ ਸਿੰਘ ਬਾਗੜੀਆ, ਪ੍ਰੋ: ਕਰਤਾਰ ਸਿੰਘ ਨੇ ਕੀਤੀ। ਭਾਰੀ ਗਿਣਤੀ ਵਿਚ ਸੰਗਤਾਂ ਹਾਲ ਵਿਚ ਹਾਜ਼ਰ ਸਨ। ਸੰਤ ਕਰਤਾਰ ਸਿੰਘ ਕਮਾਲੀਆ ਨੇ ਬੱਚਿਆਂ ਦੀ ਕੀਰਤਨ ਅਦਾਇਗੀ ਤੋਂ ਪ੍ਰਭਾਵਤ ਹੋ ਕੇ ਪਰਗਟਾਵਾ ਕੀਤਾ ਕਿ ਅਗਲੀ ਕਾਨਫ੍ਰੰਸ ਤੇ ਕੀਰਤਨ ਦਰਬਾਰ ਦੀ ਬਜਾਏ ਅਜਿਹੇ ਕੀਰਤਨ ਮੁਕਾਬਲੇ ਦੀ ਪ੍ਰਥਾ ਨੂੰ ਜ਼ਾਰੀ ਕੀਤਾ ਜ਼ਾਵੇਗਾ ਤਾਂ ਕਿ ਵਿਦਿਆਰਥੀਆਂ ਵਿਚ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾ ਕੇ ਉਤਸ਼ਾਹਿਤ ਕੀਤਾ ਜਾ ਸਕੇ। ਇਸ ਸਬੰਧੀ ਉਹ ਆਪਣੇ ਵਿਚਾਰ ਲਿਖਤੀ ਰੂਪ ਵਿਚ ਚੀਫ਼ ਖ਼ਾਲਸਾ ਦੀਵਾਨ ਨੂੰ ਵੀ ਭੇਜਣਗੇ। ਪਹਿਲੇ ਦਿਨ ਦੇ ਸਮਾਗਮ ਵਿਚ ਕੇਵਲ ਸਕੂਲਾਂ ਦੇ ਵਿਦਿਆਰਥੀਆਂ ਨੇ ਹੀ ਭਾਗ ਲਿਆ।

15 ਮਾਰਚ, 1981 ਨੂੰ ਸਾਢੇ ਤਿੰਨ ਵਜੇ ਬਾਅਦ ਦੁਪਹਿਰ ਕਾਨਫ੍ਰੰਸ ਸੈਸ਼ਨ ਉਪਰੰਤ ਗੁਰੂ ਗੋਬਿੰਦ ਸਿੰਘ ਹਾਲ ਵਿੱਚ ਰਿਜ਼ਨਲ ਪੱਧਰ ਦੇ ਜੇਤੂ ਵਿਦਿਆਰਥਣਾਂ ਦਾ ਕੀਰਤਨ ਮੁਕਾਬਲਾ ਆਰੰਭ ਹੋਇਆ ਇਸ ਮੁਕਾਬਲੇ ਵਿਚ 8 ਜੇਤੂ ਵਿਦਿਆਰਥਣਾਂ ਨੇ ਭਾਗ ਲਿਆ। ਕੀਰਤਨ ਮੁਕਾਬਲਾ ਬੜੀ ਉਚ ਪੱਧਰ ਦਾ ਹੋਇਆ ਅਤੇ ਸੰਗਤਾਂ ਨੇ ਸਲਾਹਿਆ। ਇਸ ਮੁਕਾਬਲੇ ਵਿਚ ਨਵੀਦੀਪ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਹਿਲੇ ਦਰਜੇ ਦਾ ਇਨਾਮ ਪਰਾਪਤ ਕੀਤਾ। ਰਮਿੰਦਰ ਕੌਰ ਅਤੇ ਸਮਿੰਦਰ ਕੌਰ ਸਥਾਨਕ ਸਰਕਾਰੀ ਕਾਲਜ ਫਾਰ ਵਿਮਨ ਦੂਸਰੇ ਦਰਜੇ ਤੇ ਸਨ। ਖਾਲਸਾ ਕਾਲਜ ਗਰਲਜ਼ ਹਾਈ ਸਕੂਲ, ਅੰਮ੍ਰਿਤਸਰ ਦੀ ਇਕ ਛੋਟੀ ਬੱਚੀ ਨੂੰ ਕੌਨਸੋਲੇਸ਼ਨ ਪਰਾਈਜ਼ ਦਿਤਾ ਗਿਆ। ਇਨਾਮ ਵਜੋਂ ਦਿਤੀ ਗਈ ਰਕਮ ਤੋਂ ਇਲਾਵਾ ਭਾਈ ਨਿਹਾਲ ਸਿੰਘ ਬੰਬਈ ਵਾਲਿਆਂ ਦੀ ਛਪੀ ਕੀਰਤਨ ਪੁਸਤਕ ਵੀ ਦਿਤੀ ਗਈ। ਭਾਗ ਲੈਣ ਵਾਲੇ ਹਰ ਇਕ ਵਿਦਿਆਰਥੀ ਨੂੰ ਵੀ ਇਨਾਮ ਦਿਤੇ ਗਏ।

ਕੀਰਤਨ ਮੁਕਾਬਲੇ ਉਪਰੰਤ ਅਤੇ ਇਨਾਮ ਵੰਡਨ ਉਪਰੰਤ ਸਮਾਗਮ ਦੀ ਸਮਾਪਤੀ ਅਰਦਾਸ ਦੁਆਰਾ ਕੀਤੀ ਗਈ ਜੋ ਸੇਵਾ ਪ੍ਰੋਫੈਸਰ ਕਰਤਾਰ ਸਿੰਘ ਜੀ ਨੇ ਨਿਭਾਈ।

# ਪ੍ਰਧਾਨਗੀ ਭਾਸ਼ਨ

ਸ: ਗੰਗਾ ਸਿੰਘ ਜੀ ਢਿਲੋਂ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਆਧੁਨਿਕ ਸਿੱਖ ਵਿਦਿਆ ਦੇ ਬਾਨੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ, "ਇਹ ਬਾਨੀ ਬਜ਼ੁਰਗ 19ਵੀਂ ਸਦੀ ਵਿਚਲੀ ਆਧੁਨਿਕ 'ਸਿਖ ਵਿਦਿਆ' ਦੀ ਅਵੱਸਕਤਾ ਤੋਂ ਭਲੀਭਾਂਤ ਜਾਣੂ ਸਨ। ਇਸ ਅਵੱਸਕਤਾ ਪਿਛੇ ਸਿੱਖ ਮਤ ਅਤੇ ਸਿੱਖ ਕੌਮ ਵਿਚ ਆਪਣੀ ਪੁਨਰ ਪਹਿਚਾਨ ਦੀ ਲੌਚਾ ਲੁਕੀ ਹੋਈ ਹੈ। ਵਿਦਿਆ ਲਈ ਸਿਖ ਕੌਮ ਦੀ ਲਗਨ ਅਤੇ ਸਮਰਪਣ ਸਦਕਾ ਇਹਨਾਂ 73 ਸਾਲਾਂ ਵਿਚ ਕਈ ਸਕੂਲ ਅਤੇ ਕਾਲਜ ਹੋਂਦ ਵਿਚ ਆਏ ਹਨ; ਪਰੰਤੂ ਇਸ ਤੋਂ ਵਧੇਰੇ ਮਹੱਤਵ ਵਾਲ਼ੀ ਗਲ ਇਹ ਹੈ ਕਿ ਇਹਨਾਂ ਕਾਨਫਰੰਸਾਂ ਨੇ ਸਾਰੇ ਸੰਸਾਰ ਵਿਚ ਸਿਖ ਕੌਮ ਸਾਹਵੇਂ "ਵਿਦਿਆ ਦੇ ਪ੍ਰਕਾਸ਼" ਨੂੰ ਉੱਚਿਆਂ ਰਖਿਆਂ ਹੈ। ਕੌਮ ਸੰਕਟ ਵਿਚੋਂ ਲੰਘ ਰਹੀ ਹੈ ਇ। ਨੂੰ ਸਹੀ ਅਗਵਾਈ ਦੀ ਸਖਤ ਜ਼ਰੂਰਤ ਹੈ ਚੀਫ਼ ਖ਼ਾਲਸਾ ਦੀਵਾਨ ਨੂੰ ਆਪਣਾ ਇਤਿਹਾਸਕ ਕਰਤੱਵ ਪਾਲਦਿਆਂ ਹੋਇਆਂ ਅਤੇ ਆਪਣੀ ਪਰੰਪਰਾ ਨੂੰ ਕਾਇਮ ਰਖਦਿਆਂ ਹੋਇਆਂ ਕੌਮ ਦੀ ਅਗਵਾਈ ਦਾ ਫਰਜ਼ ਨਿਭਾਉਣਾ ਚਾਹੀਦਾ ਹੈ।

ਸੰਗਮਰਮਰ ਨੂੰ ਜਿਵੇਂ ਬੁੱਤ ਘਾੜਾ ਤਰਾਸ਼ਦਾ ਅਤੇ ਘੜਦਾ ਹੈ, ਤਿਵੇਂ ਹੀ ਵਿਦਿਆ ਕਿਸੇ ਕੌਮ ਦੀ ਆਤਮਾ ਨੂੰ ਤਰਾਸ਼ਦੀ ਤੇ ਸੰਵਾਰਦੀ ਹੈ। ਦੂਸਰੀਆਂ ਹੋਰ ਕੌਮਾਂ ਵਲ ਇਕ ਕਲਪਨਾਮਈ ਝਾਤ ਸਾਨੂੰ ਉਹਨਾਂ ਦੇ ਪ੍ਰਾਪਤ ਕੀਤੇ ਹੋਏ ਵਿਦਿਅਕ ਗੁਣਾਂ ਤੋਂ ਜਾਣੂ ਕਰਾਉਂਦੀ ਹੈ।

ਇਕ ਯਹੂਦੀ ਵਿਦਵਾਨ ਦਾ ਕਹਿਣਾ ਹੈ "ਜਿਥੇ ਯਹੂਦੀ ਵਿਦਿਆ ਨੂੰ ਅਣਗੌਲਿਆ ਜਾਂਦਾ ਹੈ, ਉਥੇ ਯਹੂਦੀ ਮੱਤ ਇਕ ਸਭਿਅਤਾ ਬਣਨ ਦੀ ਬਜਾਏ ਯਹੂਦੀ ਜਮਘਟਾ ਬਣ ਕੇ ਰਹਿ ਜਾਂਦਾ ਹੈ" ਇਹ ਉਹਨਾਂ ਦੀ ਵਿਦਿਆ ਲਈ ਸਮਰਪਣ ਹੀ ਹੈ, ਜਿਸ ਨੇ ਉਹਨਾਂ ਨੂੰ ਸਦੀਆਂ ਵਿਚ ਸਭ ਕੌਮਾਂ ਨਾਲੋਂ ਵਿਲੱਖਣ ਜਾਂ ਵਿਸ਼ੇਸ਼ ਬਣਾ ਦਿਤਾ ਹੈ। ਯਹੂਦੀ ਸਭਿਅਤਾ ਦੀ ਚੜ੍ਹਤਲ ਸਮੇਂ ਰਾਜਾ ਸੁਲੇਮਾਨ ਦੇ ਰਾਜ ਦੇ ਦਿਨਾਂ ਵਿਚ ਅਧਿਆਪਕਾਂ ਨੂੰ ਜਰਨੈਲਾਂ ਨਾਲੋਂ ਕਿਤੇ ਵਧੇਰੇ ਸਨਮਾਨ ਦਿਤਾ ਜਾਂਦਾ ਸੀ। ਗਰਭਵਤੀ ਔਰਤਾਂ ਸਕੂਲਾਂ ਦੇ ਦੁਆਲੇ ਇਸ ਵਿਸ਼ਵਾਸ਼ ਨਾਲ ਚੱਕਰ ਲਗਾਉਂਦੀਆਂ ਸਨ ਕਿ ਬੱਚਾ ਜੋ ਉਹਨਾਂ ਦੇ ਗਰਭ ਵਿਚ ਹੈ, ਉਹ ਜਨਮ ਤੋਂ ਪਹਿਲਾਂ ਹੀ ਕੁਝ ਸਿਖਣਾ ਆਰੰਭ ਕਰ ਦੇਵੇਗਾ ਅਤੇ ਵਿਦਿਆ ਲਈ ਪ੍ਰਤਿਬਧ ਹੋਕੇ ਵਧੇ ਫੂਲੇਗਾ।

ਉਹਨਾਂ ਨੇ ਵਿਦਿਅਕ ਲਹਿਰ ਦੇ ਇਤਿਹਾਸਕ ਨੂੰ ਪੱਖ ਦੁਹਰਾਂਦਿਆਂ ਦਸਿਆ ਕਿ 1849 ਅਤੇ 1873 ਦੇ ਸਮੇਂ ਉਪ੍ਰੰਤ ਜਿਹੜਾ ਸੰਗਠਤ ਰਾਜ ਦੀ ਗਿਰਾਵਟ ਦੇ ਬਾਅਦ ਦਾ ਸਮਾਂ ਹੈ, ਸਿਖ ਧਾਰਾ ਵਿਸ਼ੇਸ਼ ਰੂਪ ਵਿਚ ਢਹਿੰਦੀਆਂ ਕਲਾ ਵਿਚ ਗਿਆ। ਇਸ ਗਿਰਾਵਟ ਦਾ ਕਾਰਨ ਸਪਸ਼ਟ ਹੈ ਕਿ ਸਿਖ ਕੌਮ ਦੇ ਵਿਦਿਆ ਢਾਂਚੇ ਨੂੰ ਪੰਜਾਬ ਦੀ ਜਿਤ ਦੇ ਦੌਰਾਨ ਅਤੇ ਪਿਛੋਂ ਜਾਣ ਬੁੱਝ ਕੇ ਤੋੜ ਦਿਤਾ ਗਿਆ। ਵਿਦਿਆ ਤੋਂ ਬਗੈਰ ਸਿੱਖ ਆਪਣੇ ਧਾਰਮਿਕ ਅਤੇ ਸੰਸਕ੍ਰਿਤਕ ਕੀਮਤਾਂ ਨੂੰ ਪਛਾਨਣ ਤੋਂ ਅਸਮਰਥ ਸਨ। ਉਹ ਬਰਤਾਨਵੀਂ ਰਾਜ ਦੇ ਦਰਬਾਰ ਦੀ ਸ਼ਾਹੀ ਸ਼ਾਨ ਅਤੇ ਤਾਕਤ ਦੀ ਲਪੇਟ ਵਿਚ ਆ ਕੇ ਆਪਣਾ ਆਪ ਗੁਆ ਬੈਠੇ।

ਉਹਨਾਂ ਕਿਹਾ ਕਿ ਸਾਡੇ ਬਜ਼ੁਰਗ ਇਸ ਗਲ ਬਾਰੇ ਪੂਰੀ ਤਰ੍ਹਾਂ ਚੇਤੰਨ ਸਨ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਧਰਮ, ਆਪਣੀ ਸੰਸਕ੍ਰਿਤੀ ਅਤੇ ਆਪਣੇ ਵਿਰਸੇ ਬਾਰੇ ਪੂਰੀ ਜਾਣਕਾਰੀ ਹੋਣੀ ਲਾਜ਼ਮੀ ਹੈ। ਸਾਡੇ ਸਬੰਧ ਵਿਚ ਇਤਿਹਾਸ ਆਪਣੇ ਆਪ ਨੂੰ ਮੁੜ ਦੁਹਰਾਉਂਦਾ ਜਾਪਦਾ ਹੈ। ਖਾਲਸਾ ਸਕੂਲ ਅਤੇ ਕਾਲਜ ਜਿਹਨਾਂ ਨੂੰ ਸਾਡੇ ਮੋਢੀਆਂ ਨੇ ਖੂਨ ਪਸੀਨਾ ਇਕ ਕਰਕੇ ਉਸਾਰਿਆ ਸਿੰਜਿਆ ਅਤੇ ਪ੍ਰਫੁਲਤ ਕੀਤਾ, ਅੱਜ ਉਹ ਗਿਰਾਵਟ ਵਲ ਜਾ ਰਹੇ ਹਨ। ਸਿਖ ਮੱਤ ਦੇ ਪਕੇ ਧਾਰਨੀ ਹੋਣ। ਸਵੇਰ ਤੇ ਸ਼ਾਮ ਦੇ ਦੀਵਾਨਾਂ ਵਿਚ ਸਿਾ ਲੈਣਾ ਅਤੇ ਧਾਰਮਿਕ ਫਲਸਫੇ ਦੀਆਂ ਕੀਮਤਾਂ ਨੂੰ ਪੜ੍ਹਾਉਣਾ, ਇਹ ਸਭ ਕੁਝ ਪੁਰਾਣੇ ਇਤਿਹਾਸ ਦਾ ਹਿੱਸਾ ਬਣ ਚੁਕੇ ਹਨ। ਉਹਨਾਂ ਕਿਹਾ ਕਿ ਮਾੜੀ ਕਿਸਮਤ ਦੀ ਗਲ ਇਹ ਹੈ ਕਿ ਅੱਜ ਦੇ ਸਿੱਖ ਨੇਤਾ ਵਿਦਿਆ ਦੀ ਮਹੱਤਤਾ ਨੂੰ ਪਛਾਨਣ ਵਿਚ ਬਿਲਕੁਲ ਫੇਲ੍ਹ ਹੋ ਚੁਕੇ ਹਨ। ਉਹਨਾਂ ਨੂੰ ਇਸ ਅਸਲੀਅਤ ਨੂੰ ਸਮਝਣ ਦੀ ਯੋਗਿਤਾ ਨਹੀਂ। ਜਿਹੜੀ ਕੌਮ ਆਪਣੇ ਵਿਰਸੇ ਦੀ ਸੰਭਾਲ ਨਹੀਂ ਕਰਦੀ, ਉਹ ਬਹੁਤਾ ਸਮਾਂ ਜੀਵਤ ਨਹੀਂ ਰਹਿ ਸਕਦੀ। ਕੋਈ ਵੀ ਵਿਰਸਾ ਸੰਭਾਲ, ਸਨਮਾਨ ਅਤੇ ਚਾਹਤ ਬਗੈਰ ਧਰਤੀ ਦੇ ਚਿਹਰੇ ਤੋਂ ਮਿਟ ਜਾਂਦਾ ਹੈ ਅਤੇ ਉਸ ਤੋਂ ਉਪਜੀ ਹੋਈ ਕੌਮ ਵੀ ਇਸੇ ਹੀ ਬਦਕਿਸਮਤੀ ਦਾ ਸ਼ਿਕਾਰ ਹੋ ਜਾਂਦੀ ਹੈ।

## ਗੁਰਦੁਆਰੇ ਅਤੇ ਸਿੱਖ ਕੌਮ :

ਸਿਖ ਮਤ ਵਿਚ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਇਕ ਉਹ ਪਵਿਤਰ ਸਥਾਨ ਹੈ ਜਿਸ ਦੀ ਉਦਾਹਰਨ ਸੰਸਾਰ ਭਰ ਦੇ ਸਾਰੇ ਧਾਰਮਿਕ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ। ਈਸਾਈ ਮਤ ਵਿਚ 'ਬੈਥੀਲਿਮ', ਜੂਡਾ ਮਤ ਵਿਚ ਜ਼ੇਰੂਸਲਮ, ਇਸਲਾਮ ਵਿਚ ਮਕਾ ਅਤੇ ਹਿੰਦੂ ਧਰਮ ਵਿਚ ਵਾਰਾਨਸੀ ਪਵਿਤਰ ਸ਼ਹਿਰਾਂ ਦੀ ਮਹੱਤਤਾ ਜਾਂ ਤਾਂ ਇਸ ਕਰਕੇ ਹੈ ਕਿ ਉਹ ਇਹਨਾਂ ਧਰਮਾਂ ਦੇ ਵਿਚਰਨ ਦੇ ਸਬੰਧ ਵਿਚ ਇਤਿਹਾਸਕ ਪੱਖੋਂ ਪ੍ਰਾਚੀਨ ਮੰਨੇ ਜਾਂਦੇ ਹਨ ਜਾਂ ਇਸ ਕਰਕੇ ਕਿ ਇਹ ਸ਼ਹਿਰ ਵਿਸ਼ੇਸ਼ ਰੂਪ ਵਿੱਚ ਉਹਨਾਂ ਧਰਮਾਂ ਦੇ ਬਾਨੀਆਂ ਜਾਂ ਪ੍ਰਾਚੀਨ ਦੇਵਤਿਆਂ ਨਾਲ ਸਬੰਧਿਤ ਹਨ। ਇਸ ਲਈ ਇਹ ਧਾਰਮਿਕ ਅਸਥਾਨ ਪਵਿੱਤਰ ਹਨ ਅਤੇ ਸੰਪੂਰਨ ਸਮਾਨ ਦੇ ਸੋਮੇ ਹਨ।

ਇਕ ਬੋਹੜ ਦੇ ਦਰਖਤ ਵਾਂਗ ਸਿਖ ਧਰਮ ਨੇ ਵੀ ਆਪਣੇ ਤਨੇ ਵਿਚੋਂ ਬਹੁਤ ਸਾਰੀਆਂ ਲਗਰਾਂ ਸੰਸਾਰ ਦੇ ਵੱਖ ਵੱਖ ਦੇਸ਼ਾਂ ਅਤੇ ਧਰਤੀਆਂ ਵਿਚ ਲਗਾਈਆਂ ਹਨ, ਜਿਹੜੀਆਂ ਕਿ ਇਹਨਾਂ ਧਰਤੀਆਂ ਵਿਚ ਆਪਣੀਆਂ ਜੜ੍ਹਾਂ ਪੈਦਾ ਕਰਕੇ ਦੂਸਰਿਆਂ ਹੋਰ ਤਨਿਆਂ ਨੂੰ ਜਨਮ ਦੇ ਰਹੀਆਂ ਹਨ। ਪਰ ਇਸ ਧਰਮ ਦੀਆਂ ਮੁਢਲੀਆਂ ਜੜ੍ਹਾਂ ਤਾਂ ਹਮੇਸ਼ਾਂ ਵਾਸਤੇ "ਰਾਇ ਭੋਇ" ਪਵਿੱਤਰ ਧਰਤੀ ਵਾਲੀਆਂ ਹੀ ਰਹਿਣਗੀਆਂ। ਇਹ ਉਹ ਧਰਤੀ ਹੈ ਜਿਥੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ "ਗੁਰੂ ਨਾਨਕ ਦੇਵ ਜੀ ਦੁਨੀਆਂ ਨੂੰ ਤਾਰਨ ਲਈ ਪਰਗਟ ਹੋਏ"

ਸ: ਗੰਗਾ ਸਿੰਘ ਜੀ ਨੇ ਆਪਣਾ ਭਾਸ਼ਨ ਜਾਰੀ ਰਖਦਿਆਂ ਸ੍ਰੀ ਨਨਕਾਣਾ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਾਂਦਿਆਂ ਕਿਹਾ ਸੰਨ 1947 ਤੋਂ ਜਦੋਂ ਭਾਰਤ ਦੀ ਵੰਡ ਹੋਈ, ਸਾਰੇ ਸੰਸਾਰ ਦੇ ਸਿਖਾਂ ਨੇ ਅਰਦਾਸ ਵਿਚ ਇਕ ਵਾਕ ਹੋਰ ਸ਼ਾਮਲ ਕੀਤਾ ਕਿ,ਐ ਅਕਾਲ ਪੁਰਖ ! ਆਪਣੇ ਸਿੱਖਾਂ ਨੂੰ ਉਹਨਾਂ ਸਾਰੇ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ ਦੀਦਾਰ, ਸੇਵਾ ਅਤੇ ਸੰਭਾਲ ਬਖਸ਼ੇ,

ਜਿਹਨਾਂ ਤੋਂ ਸਿਖ ਪੰਥ ਨੂੰ ਵਿਛੋੜਿਆ ਗਿਆ ਹੈ। ਇਹ ਅਰਦਾਸ ਸੰਤੋਸ਼ ਜਨਕ ਤਰੀਕੇ ਨਾਲ ਪੂਰੀ ਨਹੀਂ ਹੋ ਸਕੀ। ਇਸ ਦਾ ਮੁਢਲਾ ਕਾਰਨ ਭਾਰਤ ਅਤੇ ਪਾਕਿਸਤਾਨ ਦਾ ਆਪਸੀ ਖਿਚੋਤਾਣ ਅਤੇ ਤਨਾਓ ਹੈ ਅਤੇ ਦੂਸਰਾ ਇਹ ਕਿ ਸਿਖ ਕੌਮ ਦੇ ਨੇਤਾਵਾਂ ਦੇ ਦਿਲਾਂ ਵਿਚ ਉਦੇਸ਼ ਪੂਰਤੀ ਦੀ ਘਾਟ ਹੈ। ਸਿਖ ਅਰਦਾਸ ਦੀ ਸ਼ਕਤੀ ਵਿਚ ਅਥਾਹ ਵਿਸ਼ਵਾਸ਼ ਰਖਦੇ ਹਨ। ਉਹਨਾਂ ਕਿਹਾ ਕਿ ਜਨਮ ਅਸਥਾਨ ਅਤੇ ਪਾਕਿਸਤਾਨ ਵਿਚ ਰਹਿ ਗਏ ਹੋਰ ਪੂਜਾ ਦੇ ਸਥਾਨਾਂ ਦੀ ਸੇਵਾ ਸੰਭਾਲ ਪੰਥ ਨੂੰ ਸੌਂਪੀ ਜਾਣੀ ਚਾਹੀਦੀ ਹੈ ਜਿਸ ਬਾਰੇ ਸ੍ਰੀ ਨਨਕਾਣਾ ਸਾਹਿਬ ਫੌਂਡੇਸ਼ਨ ਜੋ ਸੰਨ 1976 ਵਿਚ ਸਥਾਪਤ ਕੀਤਾ ਗਿਆ ਸੀ, ਲੋਤੀਂਦੇ ਯਤਨ ਕਰ ਰਿਹਾ ਹੈ। ਉਹਨਾਂ ਅਪੀਲ ਕੀਤੀ ਕਿ ਸਾਰੇ ਸੰਸਾਰ ਦੇ ਸਿਖ ਕੌਮ ਸੰਗਠਤ ਹੋ ਕੇ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਉਣ।

## ਸਿੱਖ ਕੌਮੀਅਤ :

ਸ: ਗੰਗਾ ਸਿੰਘ ਜੀ ਨੇ ਕਿਹਾ ਕਿ ਭਾਰਤ ਇਕ ਮਹਾਨਦੇਸ਼ ਹੈ ਜਿਸ ਵਿਚ ਵਿਸ਼ੇਸ਼ ਕਰਕੇ ਚਾਰ ਧਰਮ ਹਨ ਜਿਵੇਂ ਈਸਾਈ ਮੱਤ, ਹਿੰਦੂ ਮੱਤ, ਇਸਲਾਮ ਅਤੇ ਸਿੱਖ ਮੱਤ ਅਤੇ ਹਿੰਦੂ, ਈਸਾਈ, ਮੁਸਲਮਾਨ ਅਤੇ ਸਿੱਖ ਹਜ਼ਾਰਾਂ ਹੀ ਵਿਸ਼ਿਆਂ ਅਤੇ ਸਥਾਨਾਂ ਉਤੇ ਇਕੱਠਾਂ ਤੇ ਸਾਂਝ ਪਾਉਂਦੇ ਰਹੇ ਹਨ, ਜਿਹਾ ਕਿ ਜੰਗ ਦੇ ਮੈਦਾਨ ਅਤੇ ਮੇਲਿਆਂ ਵਿਚ, ਸਕੂਲਾਂ, ਕਾਲਜਾਂ ਅਤੇ ਖੇਡ ਦੇ ਮੈਦਾਨ ਆਦਿ ਵਿਚ; ਅਸਾਂ ਇਕ ਦੂਜੇ ਕੋਲੋਂ ਬਹੁਤ ਕੁਝ ਸਿਖਿਆ ਹੈ, ਇਕ ਦੂਸਰੇ ਨਾਲ ਵਿਚਰੇ ਹਾਂ, ਸਾਡੀਆਂ ਭਸ਼ਾਵਾਂ ਨੇ ਇਕ ਦੂਜੇ ਦੀ ਭਾਸ਼ਾ ਨਾਲ ਸੁਮੇਲ ਕਰਕੇ ਬਹੁਤ ਉਪਜਾਊ ਅਤੇ ਅਮੀਰ ਭਸ਼ਾਵਾਂ ਨੂੰ ਜਨਮ ਦਿਤਾ ਹੈ। ਅਸੀਂ ਸੰਗੀਤ ਅਤੇ ਕਾਵਿ ਕਲਾ ਵਿਚ ਸਾਂਝ ਪਾਈ ਹੈ, ਚਿੱਤਰ-ਕਲਾ ਅਤੇ ਭਵਨ-ਕਲਾ ਵਿਚ ਜੀਵਨ ਵਿਚਾਰਨ ਦੇ ਢੰਗ, ਪੁਸ਼ਾਕ ਅਤੇ ਸ਼ੈਲੀਆਂ ਵਿਚ ਵੀ ਸਾਂਝ ਪਾਈ। ਅਸੀਂ ਇਕ ਦੂਸਰੇ ਉਪਰ ਪਰਸਪਰ ਪ੍ਰਭਾਵ ਦੇ ਬਹੁਤ ਚਿੰਨ ਵੀ ਵੰਡੇ,ਪਰੰਤੂ ਫਿਰ ਵੀ ਇਕ ਦੂਜੇ ਨਾਲੋਂ ਵਿਲੱਖਣਤਾ ਕਾਇਮ ਰੱਖੀ। ਅਸੀਂ ਇਕ ਦੂਸਰੇ ਵਿਚ ਸ਼ਾਮਲ ਹੋਏ ਪਰ ਸਮੋਏ ਨਹੀਂ। ਅਸੀਂ ਇਕ ਦੂਸਰੇ ਨਾਲ ਜੀਵਨ ਬਤੀਤ ਕੀਤਾ ਪਰ ਆਪਣੇ ਵਿਅੱਕਤਵ ਨੂੰ ਨਹੀਂ ਗੁਆਇਆ। ਸਾਡੀ ਇਹ ਵਿਲੱਖਣਤਾ ਹਮੇਸ਼ਾਂ ਕਾਇਮ ਰਹੇਗੀ। ਉਹਨਾਂ ਕਿਹਾ ਕਿ ਸਿਖ ਇਕ ਵੱਖਰੀ ਕੌਮ ਹੈ, ਇਹਨਾਂ ਦੀ ਭਾਸ਼ਾ, ਸਭਿਆਚਾਰ ਅਤੇ ਵਿਰਸਾ ਵਿਲੱਖਣ ਹਨ। ਉਹਨਾਂ ਕੌਮ ਅਤੇ ਫਿਰਕੇ ਦਾ ਅੰਤਰ ਵੀ ਸਪਸ਼ਟ ਕੀਤਾ। ਇਕ ਕੌਮ ਅਜਿਹੇ ਲੋਕਾਂ ਦਾ ਸਮੂੰਹ ਹੁੰਦੀ ਹੈ ਜਿਨ੍ਹਾਂ ਦੀ ਸਾਂਝੀ ਸੁਚੱਜੀ ਭਾਸ਼ਾ ਸਾਂਝਾ ਸਭਿਆਚਾਰ, ਵਿਰਸਾ ਅਤੇ ਸਾਂਝੀ ਇਤਿਹਾਸਕ ਪਰੰਪਰਾ ਹੁੰਦੀ ਹੈ, ਜਦ ਕਿ ਇਕ ਫਿਰਕਾ ਇਕ ਅਜਿਹੇ ਲੋਕਾਂ ਦਾ ਸਮੂੰਹ ਹੁੰਦਾ ਹੈ ਜੋ ਕਿਸੇ ਇਕ ਮਹੱਲੇ ਵਿਚ ਇਕੋ ਜਹੀ ਜ਼ਿੰਦਗੀ ਬਤੀਤ ਕਰਦੇ ਹਨ। ਉਹਨਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਉਹ ਸ਼ਬਦ ਦੁਹਰਾਇਆ ਜੋ ਉਹਨਾਂ ਖਾਲਸਾ ਪੰਥ ਦੀ ਸਾਜਨਾ ਸਮੇਂ ਉਚਾਰਿਆ ਸੀ।

> ਜਬ ਲਗ ਖਾਲਸਾ ਰਹੇ ਨਿਆਰਾ ॥
> ਤਬ ਲਗ ਤੇਜ ਦੀਓ ਮੈਂ ਸਾਰਾ ॥
> ਜਬ ਇਹ ਗਹੈ ਬਿਪਰਨ ਕੀ ਰੀਤ ॥
> ਮੈਂ ਨ ਕਰੋਂ ਇਨ ਕੀ ਪਰਤੀਤ ॥"

ਇਸ ਨਵੀਂ ਕੌਮ ਦੇ ਅਧਿਆਤਮਕ, ਨੈਤਿਕ ਅਤੇ ਸਭਿਆਚਾਰਕ ਜ਼ਾਬਤਾ ਅਤੇ ਜੀਵਨ ਢੰਗ ਨੂੰ ਤਿਆਰ ਕਰਨ ਲਈ 230 ਵਰਿਆਂ ਵਿਚ ਗੁਰੂ ਨਾਨਕ ਦੀ ਜੋਤ ਨੇ ਨੌਂ ਵੇਰ ਜਨਮ ਲਿਆ। ਗੁਰੂ ਨਾਨਕ ਦੀ ਗੱਦੀ ਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਐਸੀ ਚੰਗਿਆੜੀ ਨੂੰ ਜਨਮ ਦਿਤਾ ਕਿ ਕੌਮ ਨੂੰ ਸੌ ਸਾਲਾਂ ਦੇ ਸਮੇਂ ਵਿਚ ਇਕ ਐਸੀ ਅਗਨੀ-ਪ੍ਰੀਖਿਆ ਵਿਚੋਂ ਕੱਢਿਆ ਕਿ ਭਾਰਤ ਉਪ-ਮਹਾਂਦੀਪ ਵਿਚ ਉਹ ਇਕ ਸਭ ਤੋਂ ਵੱਧ ਨਫੀਸ ਕੌਮ ਬਣ ਗਈ। ਇਹ ਇਕ ਅਜਿਹੀ ਕੌਮ ਸੀ ਜਿਸ ਦਾ ਪ੍ਰਧਾਨ ਮੰਤਰੀ ਇਕ ਮੁਸਲਮਾਨ, ਵਿੱਤ ਮੰਤਰੀ ਇਕ ਹਿੰਦੂ ਅਤੇ ਫੌਜੀ ਜਰਨੈਲ ਇਕ ਇਸਾਈ ਸਨ।

ਅੰਤ ਵਿਚ ਉਹਨਾਂ ਕਿਹਾ "ਮਾਨ ਯੋਗ ਭੈਣੋਂ ਅਤੇ ਭਰਾਓ । ਸਾਡੇ ਵਿਚ ਕਿੰਨੇ ਲੋਕ ਇਸ ਗਲ ਬਾਰੇ ਸੋਚ ਸਕਦੇ ਹਨ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਾਂਝੇ ਗੁਰੂ ਜੀ ਦੀ ਪੈਦਾ ਕੀਤੀ ਹੋਈ ਕੌਮ ਨੂੰ ਵਾਸਤਵਿਕ ਰੂਪ ਵਿਚ ਸੰਗਠਤ ਕਰਨ ਦਾ ਯਤਨ ਕੀਤਾ ਤਾਂ ਕਿੰਨੇ ਲੋਕ ਉਸ ਨਾਲ ਅਸਹਿਮਤ ਹੋਏ ਹੋਣਗੇ ਪਰੰਤੂ ਅਜ ਉਸ ਦੀ ਦੋ ਸੌ ਸਾਲਾ ਜਨਮ ਸਤਾਬਦੀ ਸਾਰੇ ਮਹਾਂਦੀਪ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਮਨਾਈ ਜਾ ਰਹੀ ਹੈ । ਸਾਰੇ ਲੋਕ ਆਪੋ ਆਪਣੇ ਧਾਰਮਿਕ ਵਿਚਾਰਾਂ ਤੋਂ ਉਚੇ ਉਠ ਕੇ ਉਸ ਦੀਆਂ ਪ੍ਰਾਪਤੀਆਂ ਨੂੰ ਮਾਣ ਦੇ ਕੇ ਉਸ ਨੂੰ ਸਨਮਾਨਤ ਕਰ ਰਹੇ ਹਨ, ਜਿਸ ਨੇ ਖਾਲਸਾ ਰਾਜ ਕਾਇਮ ਕੀਤਾ ।

ਉਸ ਮਹਾਨ ਸਪੁੱਤਰ ਦੀ ਯਾਦ ਵਿਚ ਪੁਰਾਣੀ ਸਿੱਖੀ ਸ਼ਾਨ ਨੂੰ ਮੁੜ ਸਥਾਪਤ ਕਰਨ ਲਈ ਅਤੇ ਆਪਣੇ ਪਵਿੱਤਰ ਉਦੇਸ਼ਾਂ ਦੀ ਪੂਰਤੀ ਲਈ ਮੈਂ ਨਿਮਰਤਾ ਸਹਿਤ ਹੇਠ ਪੰਜ ਨੁਕਾਤੀ ਪ੍ਰੋਗਰਾਮ ਸੁਝਾਓ ਪੇਸ਼ ਕਰਦਾ ਹਾਂ :

1. ਬੰਗਲਾ ਦੇਸ, ਭਾਰਤ ਅਤੇ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਪਵਿੱਤਰਤਾ ਕਾਇਮ ਰੱਖਣੀ ।
2. ਇਕ ਪੱਕੇ ਸਿੱਖ ਵਿਦਿਅਕ ਬੋਰਡ ਦੀ ਸਥਾਪਨਾ ਕਰਨੀ ਜਿਸ ਵਿਚ ਸੰਸਾਰ ਭਰ ਦੇ ਪ੍ਰਸਿਧ ਵਿਗਿਆਨੀ ਅਤੇ ਵਿਦਵਾਨ ਸ਼ਾਮਲ ਕੀਤੇ ਗਏ ਹੋਣ ।
3. ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸੰਵਿਧਾਨ ਵਿਚ ਸੋਧ ਕਰਨਾ ਤਾਂਕਿ ਇਹਨਾਂ ਵਿਦਿਆ ਮੰਦਰਾਂ ਵਿੱਚ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਫਲਸਫੇ ਅਤੇ ਉਦੇਸ਼ਾਂ ਦੀ ਵਿਦਿਆ ਦਿਤੀ ਜਾ ਸਕੇ ।
4. ਗੁਰੂ ਗੋਬਿੰਦ ਸਿੰਘ ਦੇ ਬਖਸ਼ੇ ਹੋਏ ਮਹਾਨ ਵਿਰਸੇ ਨੂੰ ਕਾਇਮ ਰੱਖਣ ਦੇ ਹੱਕਾਂ ਪ੍ਰਤੀ ਯਤਨ ਕਰਨਾ ਅਤੇ ਇਸ ਵਿਰਸੇ ਦੇ ਧਾਰਮਿਕ, ਸਭਿਆਚਾਰਕ ਅਤੇ ਆਰਥਕ ਸਰੂਪ ਨੂੰ ਸੰਵਾਰਨ ਅਤੇ ਆਪਣੇ ਭਵਿਖ ਨੂੰ ਆਜ਼ਾਦੀ ਨਾਲ ਬਨਾਉਣ ਦਾ ਹੱਕ ਪ੍ਰਾਪਤ ਕਰਨ ਵਾਸਤੇ ਯਤਨਸ਼ੀਲ ਹੋਣਾ ।
5. ਇਕ ਅੰਤਰ ਰਾਸ਼ਟਰੀ ਸਿੱਖ ਸਕੱਤਰਤ ਦੀ ਸਿਰਜਣਾ ਕਰਨੀ ਜਿਹੜੀ ਕਿ ਸਿੱਖ ਕੌਮ ਦੀਆਂ ਆਰਥਕ, ਵਿਦਿਅਕ, ਸਭਿਆਚਾਰਕ, ਰਾਜਨੀਤਕ ਅਤੇ ਧਾਰਮਿਕ ਕਾਰਵਾਈਆਂ ਦਾ ਸੁਮੇਲ ਕਰ ਸਕੇ ।

ਉਹਨਾਂ ਅੰਤ ਵਿਚ ਇਹ ਵੀ ਅਪੀਲ ਕੀਤੀ ਕਿ ਸਿਖ ਆਗੂ ਆਪਣੇ ਝਗੜਿਆਂ ਨੂੰ ਇਕ ਮੁਠ ਹੋ ਕੇ ਨਿਪਟਾਉਣ ਤਾਂ ਕਿ ਪੰਥ ਦੀ ਚੜ੍ਹਦੀ ਕਲਾ ਹੋਵੇ ਅਤੇ ਪੰਥ ਨੂੰ ਸੱਚੀ, ਸੁਚੀ ਅਤੇ ਸੁਲਝੀ ਹੋਈ ਅਗਵਾਈ ਬਖਸ਼ੀ ਏ ।

## ਵਾਰਸ਼ਿਕ ਰਿਪੋਰਟ :

ਸ: ਸੰਤ ਸਿੰਘ ਜੀ ਆਨਰੇਰੀ ਸਕੱਤਰ, ਐਜੂਕੇਸ਼ਨਲ ਕਮੇਟੀ ਅਤੇ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਨੇ ਐਜੂਕੇਸ਼ਨਲ ਕਮੇਟੀ ਦੀ ਪਿਛਲੇ ਸਾਲ ਦੀ ਵਾਰਸ਼ਿਕ ਰੀਪੋਰਟ, ਜੋ ਛਾਪੀ ਗਈ ਸੀ, ਉਸ ਵਿਚੋਂ ਸੰਖੇਪ ਰੀਪੋਰਟ ਅਤੇ ਅੰਸ ਪੜ੍ਹ ਕੇ ਸੁਣਾਏ, ਅਤੇ ਇਸ ਰੀਪੋਰਟ ਦੀਆਂ ਕਾਪੀਆਂ ਪੰਡਾਲ ਵਿਚ ਵੰਡੀਆਂ ਗਈਆਂ । ਇਸ ਰੀਪੋਰਟ ਵਿਚ 53ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਜੋ ਅੰਮ੍ਰਿਤਸਰ ਵਿਖੇ ਦਸੰਬਰ 1976 ਵਿਚ ਹੋਈ, ਉਸ ਦਾ ਵਿਸਥਾਰ ਸਹਿਤ ਵਰਨਣ ਵੀ ਅੰਕਿਤ ਕੀਤਾ ਗਿਆ ਸੀ । ਅੰਤ ਵਿਚ ਸ: ਸੰਤ ਸਿੰਘ ਜੀ ਨੇ ਪ੍ਰਧਾਨ ਸਾਹਿਬ ਕਾਨਫ੍ਰੰਸ,ਸੁਆਗਤ ਕਮੇਟੀ ਦੇ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਸੁਆਗਤ ਕਮੇਟੀ ਅਤੇ ਦੇਸ਼ ਪ੍ਰਦੇਸ਼ ਤੋਂ ਆਏ ਸਜਨਾਂ ਦਾ ਧੰਨਵਾਦ ਵੀ ਕੀਤਾ ।

## ਸਬ-ਜੈਕਟਸ ਕਮੇਟੀ ਦੀਆਂ ਇਕੱਤਰਤਾਵਾਂ ਅਤੇ ਕਾਨਫ੍ਰੰਸਾਂ ਵਿਚ ਪਾਸ ਹੋਏ ਮਤੇ :

13 ਮਾਰਚ, 1981 ਨੂੰ ਸ਼ਾਮ ਦੇ 6-30 ਤੋਂ 9 ਵਜੇ ਤਕ ਸਬ-ਜੈਕਟਸ ਕਮੇਟੀ ਦੀ ਪਹਿਲੀ ਬੈਠਕ ਗੁਰੂ ਗੋਬਿੰਦ ਸਿੰਘ ਭਵਨ ਦੇ ਇਕੱਤਰਤਾ ਹਾਲ ਵਿਚ ਸਰਦਾਰ ਗੰਗਾ ਸਿੰਘ ਦੀ ਪਰਧਾਨਗੀ ਹੇਠ ਹੋਈ। ਕਾਨਫ੍ਰੰਸ ਵਿਚ ਪੇਸ਼ ਕੀਤੇ ਜਾਣ ਵਾਲੇ ਮਤਿਆਂ ਨੂੰ ਪੜ੍ਹ ਕੇ ਸੁਣਾਇਆ ਗਿਆ ਅਤੇ ਉਹਨਾਂ ਉਪਰ ਦੀਰਘ ਵਿਚਾਰਾਂ ਹੋਈਆਂ।

ਸਬ-ਜੈਕਟਸ ਕਮੇਟੀ ਵਿਚ ਕੀਤੀਆਂ ਗਈਆਂ ਵਿਚਾਰਾਂ ਅਨੁਸਾਰ ਪੇਸ਼ ਹੋਏ ਮਤਿਆਂ ਨੂੰ ਸੋਧ ਕੇ ਕਾਨਫ੍ਰੰਸ ਸਮਾਗਮ ਵਿਚ ਪਾਸ ਕੀਤੇ ਜਾਣ ਲਈ ਸਰਦਾਰ ਹਰਬੰਸ ਸਿੰਘ ਜੀ ਚੀਫ਼ ਜਸਟਿਸ ਰੀਟਾਇਰਡ ਨੂੰ ਬੇਨਤੀ ਕੀਤੀ ਗਈ ਅਤੇ ਉਹਨਾਂ ਨੇ ਭਰੋਸਾ ਦਵਾਇਆ ਕਿ ਕਮੇਟੀ ਦੀ ਮਨਸ਼ਾ ਅਨੁਸਾਰ ਉਹ ਮਤਿਆਂ ਨੂੰ ਸੋਧ ਕੇ ਪਾਸ ਕਰਨ ਲਈ ਪੇਸ਼ ਕਰਨਗੇ। ਇਹ ਵੀ ਆਗਿਆ ਹੋਈ ਕਿ 14/3/1981 ਨੂੰ ਸ਼ਾਮ ਦੇ 6 ਵਜੇ ਮੁੜ ਸਬ ਜੈਕਟਸ ਕਮੇਟੀ ਦੀ ਦੂਜੀ ਬੈਠਕ ਵਿਚ ਰਹਿ ਗਏ ਮਤਿਆਂ ਦੀ ਸੁਧਾਈ ਕਰਕੇ ਪੇਸ਼ ਕੀਤੇ ਜਾਣ।

ਕਾਨਫ੍ਰੰਸ ਦੇ ਉਦਘਾਟਨ ਸਮਾਗਮ ਵਿਚ ਸਰਦਾਰ ਸੰਤ ਸਿੰਘ ਜੀ ਜਨਰਲ ਸਕੱਤਰ ਕਾਨਫ੍ਰੰਸ ਨੇ ਪੰਥ ਦੀਆਂ ਹੇਠ ਲਿਖੀਆਂ ਉੱਘੀਆਂ ਹਸਤੀਆਂ ਜੋ ਵਿਛੋੜਾ ਦੇ ਗਈਆਂ ਸਨ ਉਹਨਾਂ ਬਾਰੇ ਸ਼ੋਕ ਮਤਾ ਪਾਸ ਕੀਤੇ ਜਾਣ ਲਈ ਪੇਸ਼ ਕੀਤੇ।

1) ਸੰਤ ਪੰਡਿਤ ਨਿਸਚਲ ਸਿੰਘ ਜੀ।
2) ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆ।
3) ਡਾ ਹਰਭਜਨ ਸਿੰਘ ਜੀ ਨਵੀਂ ਦਿੱਲੀ।

ਉਹਨਾਂ ਦੀ ਮਿੱਠੀ ਯਾਦਾਂ ਵਿਚ ਸ਼ੋਕ ਪਰਗਟ ਕੀਤੇ ਅਤੇ ਸਮੂਹ ਸੰਗਤਾਂ ਵਲੋਂ ਪੰਜ ਵਾਰੀ ਮੂਲ ਮੰਤਰ ਦਾ ਪਾਠ ਕੀਤਾ ਗਿਆ।

ਸ: ਹਰਬੰਸ ਸਿੰਘ ਚੀਫ਼ ਜਸਟਿਸ (ਰੀਟਾਇਰਡ) ਵਲੋਂ ਸਰਬ ਹਿੰਦ ਸਿੱਖ ਗੁਰਦੁਆਰਾ ਐਕਟ ਦਾ ਮਤਾ ਪੇਸ਼ ਹੋਇਆ ਜਿਸ ਦੀ ਪਰੋੜਤਾ ਲਈ ਡਾਕਟਰ ਜਸਵੰਤ ਸਿੰਘ 'ਨੇਕੀ' ਦੇ ਸੁਝਾਓ ਤੇ ਇਹ ਮਤਾ ਵਧੇਰੇ ਜਾਣਕਾਰੀ ਲਈ ਮੁੜ ਸਬ-ਜੈਕਟਸ ਕਮੇਟੀ ਨੂੰ ਭੇਜ ਦਿਤਾ ਗਿਆ।

## ਸਬ-ਜੈਕਟਸ ਕਮੇਟੀ ਦੀ ਮੀਟਿੰਗ :

ਮੀਟਿੰਗ ਵਿਚ ਸ: ਹਰਬੰਸ ਸਿੰਘ ਜੀ ਰੀਟਾਇਰਡ ਚੀਫ਼ ਜਸਟਿਸ ਨੇ ਦਸਿਆ ਕਿ ਕੇਂਦਰੀ ਕਮੇਟੀ ਕੇਵਲ ਤਖਤ ਸਾਹਿਬਾਨ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਪਰਬੰਧ ਕਰੇਗੀ। ਉਹਨਾਂ ਦਸਿਆ ਕਿ ਸਟੇਟ ਕਮੇਟੀਆਂ ਜੋ ਕਿਸੇ ਸਟੇਟ ਦੇ ਗੁਰਦਵਾਰਿਆਂ ਦੇ ਪਰਬੰਧ ਦੀਆਂ ਜ਼ਿਮੇਂਵਾਰ ਹਨ, ਉਹ ਕਿਸੇ ਗੁਰਦੁਆਰੇ ਦੀ ਪਰਬੰਧਕ ਕਮੇਟੀ ਨੀਯਤ ਨਹੀਂ ਕਰੇਗੀ, ਨਾ ਹੀ ਕਿਸੇ ਸੰਤ, ਮਹੰਤ, ਡੇਰੇਦਾਰ ਦੇ ਗੁਰਦੁਆਰੇ ਦੀ ਵਿਰਾਸਤ ਕਿ ਕੌਣ ਜਾਂ ਨਸ਼ੀਨ ਹੋਵੇ ਵਿਚ ਦਖਲ ਦੇਵੇਗੀ। ਹਰੇਕ ਗੁਰਦੁਆਰਾ ਪਰਬੰਧਕ ਕਮੇਟੀ ਨੂੰ ਆਪਣੇ ਗੁਰਦੁਆਰੇ ਦੀ ਜਾਇਦਾਦ ਸੁਰੱਖਿਅਤ ਰਖਣੀ ਹੋਵੇਗੀ। ਹਿਸਾਬ ਕਿਤਾਬ ਆਡਿਟ ਕਰਾਉਣੇ ਹੋਣਗੇ ਅਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੋਵੇਗਾ, ਉਥੇ ਕਿਸੇ ਵਿਅਕਤੀ ਅਥਵਾ ਤਸਵੀਰ ਜਾਂ ਬੁਤ ਦੀ ਪੂਜਾ ਬੰਦਨਾ, ਨਮਸਕਾਰ, ਡੰਡਉਤ ਨਹੀਂ ਹੋਵੇਗੀ।

ਡਾਕਟਰ ਜਸਵੰਤ ਸਿੰਘ ਨੇਕੀ ਜੀ ਨੂੰ ਮਤਾ ਬਣਾ ਕੇ 15/3/1931 ਦੀ 9 ਤੋਂ 10 ਦੀ ਸਬਜੈਕਟ ਕਮੇਟੀ ਵਿਚ ਮਤਾ ਸਿਫਾਰਸ਼ ਕਰਾਉਣ ਦੀ ਆਗਿਆ ਹੋਈ।

ਡਾਕਟਰ ਜਸਵੰਤ ਸਿੰਘ ਨੇਕੀ ਨੇ ਦੱਸਿਆ ਕਿ ਜਦ ਇਹ ਕਾਨਫ੍ਰੰਸ 1908 ਵਿਚ ਸ਼ੁਰੂ ਹੋਈ ਤਦ ਸਿੱਖ ਪੰਥ ਨੂੰ ਖਤਰਾ ਈਸਾਈਆਂ ਅਤੇ ਆਰੀਆ ਸਮਾਜੀਆਂ ਵਲੋਂ ਸੀ ਜੋ ਧੜਾ ਧੜ ਸਿੱਖਾਂ ਨੂੰ ਈਸਾਈ ਅਤੇ ਆਰੀਆ ਸਮਾਜੀ ਬਣਾ ਰਹੇ ਸਨ ਤਦੋਂ ਇਨ੍ਹਾਂ ਦਾ ਟਾਕਰਾ ਧਾਰਮਕ ਵਿਦਿਆ ਫੈਲਾ ਕੇ ਕੀਤਾ ਗਿਆ। ਹੁਣ ਕੁਝ ਹੋਰ ਤਰ੍ਹਾਂ ਦੇ ਖਤਰੇ ਹਨ।

ਪਹਿਲਾ ਖਤਰਾ ਹੈ ਸੈਕੂਲਰਇਜ਼ਮ ਦੇ ਨਾਮ ਥਲੇ "ਹਿੰਦਵੀ' ਰਹੁ-ਰੀਤਾਂ ਵਿਚ ਸਿੱਖੀ ਗੁਰਮਤਾਂ' ਨੂੰ ਜਜ਼ਬ ਕਰ ਲੈਣ ਦੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਹੈ :—

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਇਹ ਬਿਪਰਨ ਦੀ ਰੀਤੀ ਮੂਰਤੀ ਪੂਜਾ ਦੀ, ਭੂਮੀ ਪੂਜਾ ਦੀ, ਵਿਅਕਤੀਗਤ ਪੁਜਾਰੀ ਰਾਹੀਂ ਪੂਜਾ, ਅਚਰਨ ਦੀ ਰਹੁਰੀਤ ਤੋਂ ਸਿਖੀ ਨੂੰ ਬਚਾਉਣਾ ਹੈ ।

ਦੂਜਾ ਖਤਰਾ ਹੈ ਸਾਡੀ ਗਲਤ ਸੋਚ ਹੋ ਜਾਣ ਤੋਂ ਪਿਆ ਹੈ, ਅਸਾਂ 'ਬੋਲੀ' ਨੂੰ ਧਰਮ ਨਾਲੋਂ ਮੁਖਤਾ ਦੇ ਦਿਤੀ । ਜਿਸ ਲਈ ਰੂਸ ਨੇ ਸਾਡੇ ਵੱਡੇ ਵੱਡੇ ਲਿਖਾਰੀਆਂ ਨੂੰ ਤਰਜਮਿਆਂ ਲਈ ਭਾਰੀ ਉਜਰਤਾਂ ਦੇ ਕੇ ਕਾਬੂ ਕਰ ਲਿਆ ਹੈ । ਅੱਜ ਕਲ ਪੰਜਾਬੀ ਵਿਚ ਸਭ ਤੋਂ ਵੱਧ ਰੂਸੀ ਲਿਟਰੇਚਰ ਮਿਲਦਾ ਹੈ। ਇਸ ਤਰਾਂ ਵਾਹਗਾ ਦੇ ਉਸ ਪਾਸੇ ਪਾਕਿਸਤਾਨ ਵਿਚ ਪੰਜਾਬੀ ਦਾ ਜਨੂੰਨ ਪੈਦਾ ਕੀਤਾ ਗਿਆ ਹੈ । ਪੂਰਬੀ ਪੰਜਾਬ ਦੇ ਸਿੱਖ ਅਤੇ ਪੱਛਮੀ ਪੰਜਾਬ ਦੇ ਮੁਸਲਿਮ ਜੱਟ, ਜੋ ਪੰਜਾਬੀ ਬੋਲਦੇ ਹਨ, ਨੂੰ ਇਸ ਤਰ੍ਹਾਂ ਨਿਤਾਣਾ ਕਰਕੇ ਰੂਸ ਕਬਜ਼ਾ ਕਰਨਾ ਚਾਹੁੰਦਾ ਹੈ, ਜੇ ਅਸੀਂ ਇਹਨਾਂ ਦਾ ਟਾਕਰਾ ਨ ਕੀਤਾ ਤਦ ਮਾਰੇ ਜਾਵਾਂਗੇ ।

ਇਨ੍ਹਾਂ ਨੇ ਹੀ ਸਾਡੇ ਧਾਰਮਕ ਅਦਾਰਿਆਂ ਵਿਚ ਨਾਸਤਕ ਵਾੜ ਕੇ, ਉਨ੍ਹਾਂ ਨੂੰ ਸਾਡੇ ਬਾਹਰਲੇ ਚਿੰਨ ਰਖਣ ਦੀਆਂ ਹਦਾਇਤਾਂ ਦੇ ਕੇ, ਸਾਨੂੰ ਅੰਦਰੋਂ ਨਾਸਤਕ ਬਨਾਉਣ ਦੇ ਹਮਲੇ ਹੋ ਰਹੇ ਹਨ । ਗਲਤੀ ਸਾਡੀ ਸੀ,ਅਸਾਂ ਨੇ ਰਹਿਤ ਨਾਲੋਂ ਕੇਸਾਂ ਨੂੰ ਮਹਾਨਤਾ ਦਿਤੀ, ਇਸ ਨੇ ਦੋ ਨੁਕਸਾਨ ਕਿਤੇ ।

1) ਸਹਿਜਧਾਰੀ ਵੀਰਾਂ ਨੂੰ ਨਫਰਤ ਕਰਾ ਕੇ ਅਲੱਗ ਕਰ ਦਿਤਾ ।

2) ਕੇਸਾਂ ਵਾਲੇ ਭੇਖਧਾਰੀ ਕਮਿਉਨਿਸਟਾਂ ਨੂੰ ਸਾਡੇ ਵਿਚ ਵਾੜ ਦਿਤਾ । ਇਸ ਦਾ ਇਲਾਜ ਹੈ ਕਿ ਜਿਹੜੇ ਕੇਸਧਾਰੀ ਅੰਮ੍ਰਿਤਧਾਰੀ ਨਹੀਂ ਉਹਨਾਂ ਨੂੰ ਸਿੰਘ ਨਾ ਮੰਨੇ । ਉਹਨਾਂ ਨੂੰ ਸਹਿਜਧਾਰੀ ਭਾਵੇਂ ਕਹਿ ਲਵੋ ਪਰ ਇਹ ਵੀ ਰਿਆਇਤ ਹੈ, ਉਹ ਤਾਂ "ਭੇਖੀ ਮੂਰਖ" ਹਨ । ਡਾ: ਨੇਕੀ ਜੀ ਨੇ ਫਿਰ ਇਹ ਮਤਾ ਪੇਸ਼ ਕੀਤਾ ਜਿਸ ਦੀ ਪਰੋੜਤਾ ਸਰਦਾਰ ਕਰਤਾਰ ਸਿੰਘ ਕੋਛਰ ਨੇ ਕੀਤੀ ।

ਦੂਜੇ ਦਿਨ ਦਾ ਸੈਸ਼ਨ 11 ਵਜੇ ਇਕ ਸ਼ਬਦ ਦੇ ਗਾਇਨ ਨਾਲ ਆਰੰਭ ਹੋਇਆ । ਸਰਦਾਰ ਹਰਬੰਸ ਸਿੰਘ, ਜਨਰਲ ਸਕੱਤਰ, ਭਾਈ ਵੀਰ ਸਿੰਘ ਸਹਿਤ ਸਦਨ, ਨਵੀਂ ਦਿੱਲੀ ਨੇ ਹਰੇਕ ਗੁਰਦੁਆਰੇ ਵਿਚ ਪੰਜਾਬੀ ਦੀ ਪੜ੍ਹਾਈ ਗ੍ਰੰਥੀ ਸਾਹਿਬਾਨ ਵਲੋਂ ਪਿੰਡਾਂ ਵਿਚ ਕਰਨ ਦਾ ਸੁਝਾ ਦਿਤਾ ।

"ਇਤਨੇ ਸਕੂਲ, ਕਾਲਜ ਖੁਲ੍ਹਣ ਦੇ ਬਾਵਜੂਦ ਸਾਡੀ ਭਾਰੀ ਗਿਣਤੀ ਅਣਪੜ੍ਹਤਾ ਦੀ ਹੈ । ਇਸ ਵਾਸਤੇ 54ਵੀਂ ਸਰਬ ਹਿੰਦ ਐਜੂਕੇਸ਼ਨਲ ਕਾਨਫ੍ਰੰਸ ਮਤਾ ਪਾਸ ਕਰਦੀ ਹੈ ਕਿ ਬਾਲਗਾਂ ਲਈ ਪੰਜਾਬੀ ਪੜ੍ਹਾਈ ਦਾ ਪਰਬੰਧ ਸਾਰੀਆਂ ਸਿੱਖ ਸੰਸਥਾਵਾਂ ਕਰਨ ।

ਇਸ ਦੀ ਪ੍ਰੋੜਤਾ ਸ: ਜਸਪਾਲ ਸਿੰਘ, ਪ੍ਰਧਾਨ, ਚੀਫ਼ ਖਾਲਸਾ ਦੀਵਾਨ, ਸਥਾਨਕ ਕਮੇਟੀ ਬੰਬਈ ਨੇ ਕੀਤੀ ਅਤੇ ਸਰਬ ਸੰਮਤੀ ਨਾਲ ਮਤਾ ਪਾਸ ਹੋਇਆ । ਕਾਨਫ੍ਰੰਸ ਵਿਚ ਪਾਸ ਕੀਤੇ ਮਤਿਆਂ ਦਾ ਵੇਰਵਾ :

# PASSED RESOLUTIONS

1. Whereas the Sikhs had established their educational institutions with the object of maintaining their separate entity and traditions and to achieve their ambitions, while maintaining dignified existance. In order to achieve the these aims, it was expected of these institutions to impart highest academic education. The contribution of these institutions, at the present time, needs looking into;

Whereas it is high time, to consider whether the educational policy which had been adopted nearly three quarters of centuary back to achieve aspirations of the Nation, is fit under the fast changing circumstances;

Whereas it has also become imperative, to investigate the causes which stood in the way of she working of the Central Sikh Educational Board, which was established some time back;

Whereas to achieve the above mentioned objectives and to survey the educational policy of the educational institutions, it is necessary to appoint arhigh level International Educational Commission

This 54th session of the all India Sikh Educational Conference forcefully requests the Chief Khalsa Diwan, Shiromani Gurdwara Parbandhak Committee, Kendri Sri Guru Singh Sadha and other such institutions, to take immediate steps to appoint an internatinal commission consisting of sikh intellectuals and scientists. This Conference further resolves that this Commission may complete its report within 6-7 months from today and have report printed and circulated and the same should be put up and considered at the next Educational Conference;

It is further resolved that after submitting its report, this Commission should keep an eye on the changing educational needs of the community and after research continue giving new directions.

Proposed by : Dr. J. S. Neki.
Seconded by : S. Kartar Singh Kochhar.

2. Whereas the Sikhs constitute a separate entity and live all over the world and has common discount, language, culture, heritage and historical tradition;

Whereas, most of the Sikhs living abroad, have become citizens of the country of their adoption and have their own problems for which they cannot look to or seek support from the country of their origin; and

Whereas there is a provision in the U. N, O. Constitution for such separate entities being enrolled as Associate Member of the U. N. O.;

This 54th Session of the All India Sikh Educational Conference resolves that immediate steps be taken for sikhs to be enrolled as an associate membrr of the U. N. O.

Proposed by : S. Phulel Singh.

Seconded by : S. Karnail Singh Dead.

3. This 54th sesssion of the All India Sikh Educational Conference appreciates the directions given, by Sardar Ganga Singh of Washington in his Presidential Address and feels that, for the maintenance of the separate entity of the Sikhs; preservation of pride in their heritage and revival of their old glory and the spread of Guru's teachings, the following five point programme, given by him in this address deserves to be taken up by the Chisf Khalsa Diwan :

I. Preservation of the sanctity of the Gurdwaras in Bangladesh, India and Pakistan;

II. Formation of a permanent 'Sikh Education Board' consisting of eminent educationists and scientists from all over the world;

III. Change the charactar of the Universities of the Punjab so that they can teach the philosophy and ideals of Guru Gobind Singh Ji;

IV. Pursue the right to preserve the religious and cultural heritage, improve economic inheritance and freedom to mould our destiny, as advocated by Father of the Nation, Guru Gobind Singh in our homeland the Punjab; and

V. Creation of the International Secretariat to coordinate the activities of the Sikh Nation in the field of economic, educational, cultural, political and religious affairs.

It is further resolved that Chief Khalsa Diwan may take early steps necessary to implement these points.

Propesed by : S. Dilbir Singh.

Seconded by : Justice Harbans Singh

It is felt that our ordinary schools are not capable of properly serving the needs of the weaker section of the community and it has become imperative to give new directions to our educational policy;

This 54th Session of the All India Sikh Educational Conference resolves that greater stress be laid on establishing vocational schools. instead of ordinary, so that after getting practical training, students are able to stand on their feet and earn their living..

Proposed By : Chair.

5. Whereas due to the partition of the country, the Sikhs have been deprived of the privilege of paying homage freely at and maintaining the sanctity of Sri Nankana Sahib and other historical Gurdwaras, so dear to them, which have been left in Pakistan.

Whereas for the last 33 years, it has not been possible for the Sikhs either to visit freely or to maintain the sanctity of these institutions;

Whereas every Sikh, wherever he may be, at the time of Ardas pray Akalpurkh (Almighty) to grant the boon of service at and the maintenance of the sanctity of these institntions;

Whereas due to the efforts of Sri Nankana Sahib Foundation and Shiromani Gurdwara Parbandhak Committee, and sympathetic attitude and cooperation of the Pakistan and the Indian Governments, a measure of facilities has been provided for visits throughout the year to some of these shrines; and

Whereas the authorities in Pakistan, no doubt, endeavour to do their best, to maintain the buildings of the Gurdwaras, yet this leaves much to be desired, and, in any case, the sanctity of these Gurdwaras can only be maintained and preserved by the persons professing Sikh faith, and this can be achieved by posting of permanent Sewadars at all the historical Gurdwaras, so that daily morning and eveniug Prayers are held in accordance with the Sikh tenets;

This 54th Session of the All India Sikh Educational Conference attended by Sikhs from all parts of the world, resolves that while appreciating the efforts already made by Sri Nankana Sahib Foundation and Shiromani Gurdwara Parbandhak Committee, it urges upon these bodies to co-ordinate their efforts to ensure, that at the earliest, Sewadars are posted permanently at all the historical Gurdwaras which should be open for visits to the faithfuls at all times of the year and daily services and ceremonies are performed at these shrines in accordance with the Sikh tenets and for this purpose the Pakistan Government may be requested to agree to the formation of an international body of the representatives of the Sikhs, with responsibilty of ensuring the maintenance and preservation of the sanctity of these historical Gurdwaras, which are as sacred to the Sikhs as the Khana Kaba is to the muslims;

It is further resolved that the Indian Government may be requested to lend their full and unreserved support to ensure the achievement of the above.mentioned objects at the earliest.

---

6. Whereas a draft for All India Sikh Gurdwara Act, was prepared by the Advisory Committee appointed by the Punjab Government under the chairmanship of S. Harbans Singh, Chief Justice (Retd.) in consultation with Shiromani Gurdwara Parbandhank Committee, Chief Khalsa Diwan and other representative bodies of the Sikhs and after personally consulting and discussing the various provisions with the Sikhs, all over India;

Whereas this draft, after incorporating such amendments as were considered feasible and proper, in consultation with the Punjab Government and Shiromani Gurdwara Parbandhak Committee, was submitted to the Punjab Government which, in turn, submitted the same to the Home Ministry of the Central Govt;

Whereas, according to this draft, the non-historical Gurdwaras established and run by different sects of Sikhs, like Udasis, Nirmalas, Nihangs, Sewapanthis, etc. as well as the Gurdwaras established by the Saints and Mahants and the Singh Sabhas, will not be subject to and interference either in the management or in the succession either by the State Gurdwara Committee or by the Central Gurdwara Committee;

Whereas the main object of the draft is to ensure that the Sikh Gurdwaras are not turned into private properties and endowments attached therewith are not fritted away and the income of the endowment is utilized for the purpose for which the endowment was made;

Whereas the historical Gurdwaras in each State will be managed by the State Gurdwara Committee of each State or group of States, without any interference from the Central Body ;

Whereas the Central body, constituted by the representatives from all over India, alongwith nominated members of the intelligentsia, Sehjdharis, Saints of the various sects would manage only Takhts and Sri Darbar Sahib ( Golden Temple );

Whereas there already exists an All India Act, in respect of the religious and charitable endowments of muslims and in most of the Provinces there exists general or special Acts, governing the charitable and religious endowments of the Hindus; and

Whereas the provisions of the draft are, in no way, contrary to the provisions of the aforesaid Acts and are, in-fact, similar to the same; and

Whereas Sikhs all over India have expressed their support for the provisions of the Act;

This 54th All India Sikh Educational Conference resolves that the Central Government may take very early steps to have this draft enacted into law and thus fullfil the long standing aspirations of the Sikh community;

It is further resolved that the Punjab Govt. be requested to take note of the feelings of the Sikhs and use their good offices to persuade the Central Government to expedite the enactments of the aforesaid draft.

---

7. Whereas a large number of Punjabi speaking persons are settled in Haryana, Delhi, Himachal Pradesh and Rajasthan and some other States;

Whereas these Punjabi speaking people are contributing considerably to the prosperity of the States of their adoption; and

Whereas it is desirable that Punjabi should be recognised as the second State Language and facilities provided in the educational institutions for imparting education in Punjabi, where there are a minimum number of students ready to take up this subject;

This 54th All India Sikh Educational Conference, resolves that the Central Government and the State Governments concerned, should seriously take note of the feelings of the Punjabi settlers in the respective States and should recognise Punjabi as the second language and provide facilities in the educational institutions for its teaching, where there are a minimum number of students ready to take up Punjabi as subject.

---

8. Whereas the Government of India, contrary to the earlier established practice had issued directions for recruitment in the army on the basis of State population; and

Whereas this policy has never been adopted before in this country and it is contrary to the sound basis for recruitment into a force entrusted with the defence of the country; and

Whereas this policy, if adopted, is going to adversely affect the interests of the nation;

This 54th All India Sikh Educational Conference, requests the Govt. of India that the policy existing before the independence of the country for recruitment to the army, on merits and the aptitude of the recruits should be reverted to.

---

9. Whereas not withstanding the expansion of the schools, including the Khalsa Schools there is still considerable lack of education, particularly among the adults;

Whereas there is lack [of facilities for the Kirtan and study of Gurbani by the young people, particularly the student community;

Whereas Gurdwaras have been established at various places all over India and facilities provided by these religious institutions have not been properly utilised and

Whereas the existing Khalsa Schools, Colleges and other institutions can also, after school and college hours, considerably cater to the spread of the education,

This 54th All India Sikh Educational Conference, resolves that Gurdwaras all over the country and abroad should be made the centres for the study of Gurbani and teaching of Kirtan, to the younger generation, particularly the girls and these Gurdwaras outside the State of Punjab should also impart education in Punjabi on Sunday School basis,

It is further resolved that similar facilities should also be provided by the Sikh institutions after office or school hours.

---

10 Whereas according to the teachings and directions of Sri Guru Gobind Singh Ji, every Sikh is required to take Amrit and keep the Rehat;

Where it is noticed with regret, that even the members and office bearers of religious and social bodies, as well as the members of the Managing Committees of the Sikh institutions, do not uniformly adhere to these directions, and

Whereas due to this laxity, good example is not being set for the Sikh public in general and those in rural areas and the student community in particular and they also are negligent to carry out the above mentioned directions of Sri Guru Gobind Singh Ji,

This 54th All India Sikh Educational Conference, humbly requests that members and office-bearers of all the religious, educational and social welfare institutions, like Chief Khalsa Diwan, Shiromani Gurdwara Parbandhak Committee, Managing Committee of the Gurdwara, Shiromani Akali Dal, Istri Akali Dal, Bir Khalsa Dal, Akal Sena, Kendri and Local Singh Sabhas, Istri Satsang Sabhas, Members of the managing bodies of the Khalsa Colleges and Schools, the Sikh Students' Federation, Guru Gobind Singh Study Circle, Hem Kunt Mission and similar other societies should ensure that, such of them who have not yet taken Amrit may do so at the earliest converient opportunity and make efforts to keep the Rehat which is so dear to our Guru,

It is further resolved that request be made most respectfully to all the respected Sikh leaders, Mahapurshas, Saints & Mahant of the Deras, members of the management and the teaching staff of the sikh institutions and the respected Granthis or incharge of the Gurdwaras, to rise to the occasion and concentrate their efforts on this burning question of spreading Parchar and administration of Amrit, particularly, in the rural areas and to the student community and to ensure that this movement takes the shape of a mass movement, to recapture the lost heritage of the Sikh faith.

---

11. This meeting of the 54th All India Sikh Educational Conference feels seriously concerned over the decision of the present Punjab Govt. reversing that of the former Government of Punjab, to address the Sikhs as Sardar/Sardarni and deciding to address them as Shri/Shrimati in official communications;

This meeting of the 54th All India Sikh Educational Conference therefore, demands of the Punjab Government that this decision of the previous Government should be restored, as being in consonance with the Sikh culture and sikh way of life.

---

12. Wheraas there is a growing tendency of mis-using the sacred names of the Gurus with commercial establishments or other articles of manufacture by the trading and business community; and

Whereas this misuse of the Guru's names hurts greatly the feelings of the followers of the Gurus;

This 54th All India Sikh Educational Conference, therefore, resolves that except in respect of religious and educational bodies, Gurus' names should not be used in trade and commerce.

It is further resolved that Honorary Secretary. Chief Khalsa Diwan and the Chairman of the Reception Committee, are authorised to form a Sub-committee, which should study the matter and suggest active steps to give effect to the resolution.

---

13. Whereas according to the Sikh tenets once a person takes Amrit, he becomes a member of large brotherhood of Sikhs, irrespective of his caste or sub-Caste;

Whereas there is a fast growing tendency of use of Caste or sub-Caste with the names, in accordance with western culture; and

Whereas this runs counter to the fundamental teachings of the Gurus;

This 54th All India Sikh Educational Conference requests all the Sikhs to discontinue such use of castes or Sub-Castes with their names;

It is further resolved that the members of the Chief Khalsa Diwan and its local branches and of the Reception Committee should give a lead in this matter.

---

14. Whereas Khalsa Colleges and Khalsa Schools were established not only to impart higher education but also to educate the Sikh students in the Sikh way of life; and

Whereas this aim is not being achieved due to lack of proper education in divinity;

This 54th All India Sikh Educational Conference, feels that full attention should be given to this aspect and either properly qualified divinity teachers should be engaged and, if necessary, grants to the schools and colleges be given to meet part of the expenses by the Chief Khalsa Diwan and/or Shiromani Gurdwara Parbandhak Committee or, in the alternative, teachers in other Subjects, who are well-versed in Sikh history and culture, should particularly be engaged and given this teaching in divinity as part or in addition to their normal duties;

It is further resolved that religious camps of students and study circles for the schools and colleges in which special strength is laid on the study of Sikh scriptures, Sikh history and Sikh culture, being very helpful, may be organized at regular intervals at school, college and District levels.

---

15. Whereas this 54th All India Sikh Educational Conference, has passed a number of resolutions; and

Whereas it may be necessary for the implementation of some of the resolutions to get the assistance of sub-committees to study the subject and advise the Educational Committee for the action to be taken;

This 54th All India Sikh Educational Conference, hereby suthorises the Honorary Secretary. Chief Khaisa Diwan, in consultation with the Chairman of the Reception Committee to form such sub-committees he may deem fit to assist the Educational Committee to study the subject and make suggestions or report to the Sikh Educational Committee to achieve the objects of the various resolutions.

16 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ, ਚੰਡੀਗੜ੍ਹ ਦਾ ਇਹ ਸਮਾਗਮ ਸਮੂਹ ਸਿੱਖ ਸੰਸਥਾਵਾਂ, ਵਿਸ਼ੇਸ਼ ਕਰਕੇ ਸ੍ਰੀ ਗੁਰੂ ਸਿੰਘ ਸਭਾਵਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਆਪੋ-ਆਪਣੇ ਨਗਰਾਂ ਜਾਂ ਪ੍ਰਭਾਵ-ਖੇਤਰਾਂ ਵਿਚ ਵਿੱਚਰ ਰਹੇ ਉਦਾਸੀ, ਨਿਰਮਲੇ ਤੇ ਹੋਰ ਨਾਨਕ ਪੰਥੀ ਵੀਰਾਂ ਨੂੰ ਆਪਣੀ ਕੌਮ ਦਾ ਅਨਿੱਖੜ ਅੰਗ ਸਮਝਦਿਆਂ, ਉਨ੍ਹਾਂ ਨਾਲ ਆਪਣੀ ਨੇੜਲੀ ਤੇ ਨਿੱਘੀ ਸਾਂਝ ਪੈਦਾ ਕਰਨ ਅਤੇ ਉਨ੍ਹਾਂ ਦੇ ਡੇਰਿਆਂ ਦੀ ਸੰਪਤੀ ਤੇ ਸਾਹਿੱਤ-ਸਮੱਗਰੀ ਦੀ ਸਾਂਭ ਸੰਭਾਲ ਤੇ ਬਰਕਰਾਰੀ ਆਦਿ ਵਿਚ ਉਨ੍ਹਾਂ ਨੂੰ ਸਹਿਯੋਗ ਤੇ ਸਹਾਇਤਾ ਦੇਂਦੇ ਰਹਿਣ ਤਾਂ ਜੋ ਉਹ ਕੌਮੀ ਸਰਮਾਇਆ ਉਸੇ ਤਰਾਂ ਕਾਇਮ ਰਹਿ ਕੇ, ਸਗੋਂ ਹੋਰ ਉੱਨਤ ਤੇ ਪ੍ਰਫੁੱਲਤ ਹੋ ਕੇ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਦੀ ਆਭਾ ਤੇ ਪਰਸਾਰ ਦਾ ਵਡਮੁੱਲਾ ਭਾਗ ਬਣਿਆ ਰਹੇ।

ਨਾਲ ਹੀ, ਇਹ ਸਮਾਗਮ ਚੀਫ ਖਾਲਸਾ ਦੀਵਾਨ ਨੂੰ ਬੇਨਤੀ ਕਰਦਾ ਹੈ ਕਿ ਉਹ ਇਸ ਸਬੰਧ ਵਿਚ ਇਕ ਸਰਵੇਖਣ ਕਮੇਟੀ (Servey Committee) ਨੀਅਤ ਕਰਕੇ ਅਜਿਹੇ ਡੇਰਿਆਂ ਤੇ ਥਾਂ ਟਿਕਾਣਿਆਂ ਦੀ ਸੂਚੀ ਤਿਆਰ ਕਰਵਾਏ ਅਤੇ ਲੋੜੀਂਦੀ ਕਾਰਵਾਈ ਲਈ ਇਕ ਅਗਵਾਈ ਪੱਤਰ ਜਾਰੀ ਕਰੇ।

---

17 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ ਚੰਡੀਗੜ੍ਹ ਦਾ ਇਹ ਸਮਾਗਮ ਸਿੱਖ ਧਰਮ, ਸਾਹਿਤ ਤੇ ਇਤਿਹਾਸ ਨੂੰ ਵਿਗਾੜਨ ਜਾਂ ਗਲਤ ਰੂਪ ਵਿਚ ਪੇਸ਼ ਕਰਨ ਦੇ ਹੋ ਰਹੇ ਸੋਚੇ ਸਮਝੇ ਤੇ ਬਕਾਇਦਾ ਲਿਖਤੀ ਜਤਨਾਂ ਨੂੰ ਬੜੀ ਚਿੰਤਾ ਨਾਲ ਮਹਿਸੂਸ ਕਰਦਿਆਂ, ਇਨ੍ਹਾਂ ਦੀ ਦਿਲੋਂ ਨਿਖੇਧੀ ਕਰਦਾ ਹੈ।

ਨਾਲ ਹੀ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ, ਗੁਰੂ ਨਾਨਕ ਫਾਊਂਡੇਸ਼ਨ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਅਤੇ ਕੇਂਦਰੀ ਸਿੰਘ ਸਭਾ ਆਦਿ ਨੂੰ ਬੇਨਤੀ ਕਰਦਾ ਹੈ ਕਿ ਉਹ ਇਨ੍ਹਾਂ ਦੇ ਯੋਗ ਜਵਾਬ ਲਿਖਵਾਣ ਤੇ ਪ੍ਰਕਾਸ਼ਨ ਲਈ ਕੋਈ ਬਕਾਇਦਾ ਬਾਬਣੂ ਬੰਨ੍ਹਣ ਅਤੇ ਕੌਮੀ ਵਿਰਸੇ, ਵਕਾਰ ਤੇ ਰਵਾਇਤ ਨੂੰ ਅਜਿਹੀ ਗਲਤ, ਭੁਲੇਖਾ-ਪਾਊ ਤੇ ਨਿਰਾਦਰੀ-ਸੂਚਕ ਪੇਸ਼ਕਾਰੀ ਤੋਂ ਬਚਾਉਣ।

---

18 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ, ਚੰਡੀਗੜ੍ਹ ਦਾ ਇਹ ਸਮਾਗਮ ਸਮੂਹ ਸਿੱਖ ਸੰਸਥਾਵਾਂ, ਵਿਸ਼ੇਸ਼ ਕਰਕੇ ਵਿਦਿਅਕ ਸਭਾਵਾਂ, ਨੂੰ ਬੇਨਤੀ ਕਰਦਾ ਹੈ ਕਿ ਉਹ ਸਿੱਖ ਧਰਮ, ਸਾਹਿਤ ਤੇ ਇਤਿਹਾਸ ਬਾਰੇ ਪੂਰੀ ਤੇ ਭਰੋਸੇ ਯੋਗ ਵਾਕਫੀ ਤੇ ਵਿਦਵਾਨਤਾ (Scholarship and learning) ਦੀ ਦਿਨੋਂ ਦਿਨ ਨਿਘਰ ਰਹੀ ਸਥਿਤੀ ਨੂੰ ਸੁਧਾਰਨ ਤੇ ਸੰਵਾਰਨ ਲਈ ਕੋਈ ਜਲਦੀ ਤੇ ਜ਼ਰੂਰੀ ਪ੍ਰਬੰਧ ਕਰਨ ਤਾਂ ਜੋ ਪੰਥ ਵਿਚ ਇਸ ਸਬੰਧ ਮਹਿਸੂਸ ਹੋ ਰਹੀ ਘਾਟ ਛੇਤੀ ਤੋਂ ਛੇਤੀ ਪੂਰੀ ਕੀਤੀ ਜਾ ਸਕੇ।

ਇਹ ਸਮਾਗਮ ਚੀਫ ਖਾਲਸਾ ਦੀਵਾਨ ਨੂੰ ਬੇਨਤੀ ਕਰਦਾ ਹੈ ਕਿ ਉਹ ਇਸ ਸੰਬੰਧ ਵਿਚ ਇਕ (Blue Print) ਜਾਂ ਅਗਵਾਈ-ਪੱਤਰ ਤਿਆਰ ਕਰਵਾਉਣ ਤਾਂ ਜੋ ਉਸ ਦੀ ਰੋਸ਼ਨੀ ਵਿਚ ਲੋੜੀਂਦੀ ਕਾਰਵਾਈ ਕੀਤੀ ਤੇ ਕਰਵਾਈ ਜਾ ਸਕੇ।

---

19 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ ਦੇ ਅੰਤਰਗਤ ਸਰਬ ਹਿੰਦ ਸਿੱਖ ਤੇ ਸਿੱਖ ਇਸਤਰੀ ਕਾਨਫ਼ਰੰਸ ਬੀਬੀ ਸਤਵੰਤ ਕੌਰ ਦੀ ਪਰਧਾਨਗੀ ਹੇਠ ਹੋਈ ਜਿਸ ਦੀ ਸੁਆਗਤ ਕਮੇਟੀ ਦੇ ਪ੍ਰਧਾਨ ਸਰਦਾਰਨੀ ਪਰਮਪਾਲ ਸਿੰਘ ਜੀ ਸਨ। ਇਸ ਇਸਤਰੀ ਕਾਨਫ਼ਰੰਸ ਦੀ ਸਫਲਤਾ ਉਪਰ 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ ਦਾ ਇਹ ਸਮਾਗਮ ਸਾਰੀਆਂ ਪਰਬੰਧਕ ਬੀਬੀਆਂ ਨੂੰ ਵਧਾਈ ਦੇਂਦਾ ਹੈ ਅਤੇ ਉਹਨਾਂ ਦੇ ਸਰਬ ਸੰਮਤੀ ਨਾਲ ਪਾਸ ਹੋਏ ਤਿੰਨੋਂ ਗੁਰ-ਮਤਿਆਂ ਦੀ ਪਰਵਾਨਗੀ ਦੇਂਦਾ ਹੈ।


(ੳ) ਇਸ 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫ੍ਰੰਸ ਦੇ ਫਲਸਰੂਪ ਚੰਡੀਗੜ੍ਹ ਵਿੱਚ ਸਿੱਖ ਗਰਲਜ਼ ਹਾਈ ਸਕੂਲ ਕਾਇਮ ਕੀਤਾ ਜਾਵੇ ।

(ਅ) ਇਕ ਬਿਰਧ ਘਰ ਬਣਾਇਆ ਜਾਵੇ ।

(ੲ) ਰਸਮੋ ਰਿਵਾਜ ਗੁਰਮਤ ਅਨੁਕੂਲ ਹੋਣ, ਕਾਰਡਾਂ ਉਪਰ ਲਾੜੇ ਲਾੜੀ ਦਾ ਨਾਮ 'ਸਿੰਘ' ਅਤੇ 'ਕੌਰ' ਕਰਕੇ ਸੰਪੂਰਨ ਸਿੱਖੀ ਸ਼ੈਲੀ ਵਿਚ ਲਿਖਿਆ ਜਾਵੇ । ਜੈ ਮਾਲਾ ਆਦਿ ਦੀ ਰਸਮ ਦੀ ਲੋੜ ਨਹੀਂ । ਬਾਰਾਤਾਂ ਸਵੇਰੇ ਆਉਣ, ਭੰਗੜੇ ਅਤੇ ਸ਼ਰਾਬ ਆਦਿ ਕੁਰੀਤੀਆਂ ਰੋਕੀਆਂ ਜਾਣ ।

20 54ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨ ਕਾਨਫ੍ਰੰਸ ਦਾ ਇਹ ਸਮਾਗਮ ਵਰਤਮਾਨ ਪੰਜਾਬ ਸਰਕਾਰ ਕੋਲੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਵਿਦਿਆ ਦੇ ਮਿਆਰ ਨੂੰ ਉੱਚਾ ਉਠਾਉਣ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਨੂੰ ਸਰਕਾਰੀ ਕਾਲਜਾਂ ਦੇ ਅਧਿਆਪਕਾਂ ਦੇ ਬਰਾਬਰ ਸਹੂਲਤਾਂ ਆਦਿ ਦੇਵੇ । ਇਸ ਤਰ੍ਹਾਂ ਨਾਲ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਨਾਲ ਦੇਰ ਤੋਂ ਚਲਿਆ ਆ ਰਿਹਾ ਵਿਤਕਰਾ ਦੂਰ ਹੁੰਦਾ ਹੈ ਅਤੇ ਸਰਕਾਰ ਵਲੋਂ ਇਸ ਸਬੰਧ ਵਿਚ ਦਿਤੇ ਗਏ ਵਚਨਾਂ ਦੀ ਪੂਰਤੀ ਹੁੰਦੀ ਹੈ । ਸਰਕਾਰ ਇਸ ਅਧਾਰ ਨੂੰ ਪਹਿਲਾਂ ਹੀ ਮੰਨ ਚੁਕੀ ਹੈ ਕਿ ਪ੍ਰਾਈਵੇਟ ਕਾਲਜਾਂ ਦੇ ਅਧਿਆਪਕ ਵਿਦਿਅਕ ਮਿਆਰ ਵਿਚ ਸਰਕਾਰੀ ਕਾਲਜਾਂ ਦੇ ਅਧਿਆਪਕਾਂ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ।

# ਐਜੂਕੇਸ਼ਨਲ ਕਮੇਟੀ ਦੇ ਵਰਤਮਾਨ ਮੈਂਬਰ ਸਾਹਿਬਾਨ


ਸ. ਦਿਲਬੀਰ ਸਿੰਘ


ਸ. ਲਖਬੀਰ ਸਿੰਘ


ਸ. ਦਰਸ਼ਨ ਸਿੰਘ



ਸ. ਪ੍ਰਕਾਸ਼ ਸਿੰਘ ਮਜੀਠਾ


ਗੁਰਦਿਆਲ ਸਿੰਘ ਫੁੱਲ


ਸ. ਮੇਹਰ ਸਿੰਘ ਬਜਾਜ


ਸ. ਭਾਨ ਸਿੰਘ


ਪ੍ਰਿੰ: ਜਗਦੀਸ਼ ਸਿੰਘ


ਨ ਦਿਆਲ ਸਿੰਘ ਅੰਡ੍ਰ ਸਕੱਤ੍ਰ


ਸ. ਸੁਜਾਨ ਸਿੰਘ ਸਡਾਨਾ


ਡਾ: ਰਣਬੀਰ ਸਿੰਘ


ਸ. ਜਸਪਾਲ ਸਿੰਘ ਕੋਹਲੀ

# 55ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ

## ਗੋਨਿਆਨਾ ਮੰਡੀ ( ਬਠਿੰਡਾ )

### ਵਰਤਮਾਨ ਸੇਵਕ



ਸੰਤ ਤੀਰਥ ਸਿੰਘ ਜੀ 'ਸੇਵਾ ਪੰਥੀ'
ਚੇਅਰਮੈਨ ਸੁਆਗਤ ਕਮੇਟੀ



ਲੈਫ. ਜਨਰਲ ਸ. ਜਗਜੀਤ ਸਿੰਘ ਜੀ ਅਰੋੜਾ
ਪ੍ਰਧਾਨ ਕਾਨਫਰੰਸ



ਮਹਾਂ: ਅਮਰਿੰਦਰ ਸਿੰਘ ਜੀ ਪਟਿਆਲਾ
ਉਦਘਾਟਨ ਕਰਨਗੇ



ਸ. ਸੰਤ ਸਿੰਘ ਜੀ
ਆਨਰੇਰੀ ਸਕਤਰ
ਚੀਫ਼ ਖਾਲਸਾ ਦੀਵਾਨ



ਸ. ਕਿਰਪਾਲ ਸਿੰਘ ਜੀ
ਪ੍ਰਧਾਨ ਚੀਫ਼ ਖਾਲਸਾ ਦੀਵਾਨ



ਸ. ਭਾਗ ਸਿੰਘ ਜੀ 'ਅਣਖੀ'
ਜਨਰਲ ਸਕੱਤਰ ਕਾਨਫਰੰਸ ਤੇ
ਅਡੀਸ਼ਨਲ ਸਕੱਤਰ, ਐਜੂਕੇਸ਼ਨਲ ਕਮੇਟੀ